# ਅਧਿਆਇ 25

# ਸੱਬਤ ਦਾ ਵਰ੍ਹਾ ਅਤੇ ਅਨੰਦ ਦਾ ਵਰ੍ਹਾ

ਅਧਿਆਇ 25 ਅਧਿਆਇ 23 ਵਿਚ ਚਰਚਾ ਕੀਤੇ ਗਏ ਵਿਸ਼ੇ ''ਯਹੋਵਾਹ ਦੇ ਪਰਬ'' ਨਾਲ ਖ਼ਤਮ ਹੁੰਦਾ ਹੈ। ਇਹ ਪਰਬ ਇਸਰਾਏਲੀਆਂ ਦੇ ਯਹੋਵਾਹ ਦੇ ਅੱਗੇ ਆਪਣੇ ਸਮਰਪਣ ਨੂੰ ਵਿਖਾਉਣ ਦੇ ਕੰਮ ਕਰਕੇ ਉਹਨੂੰ ਯਾਦ ਕਰਨ ਲਈ ਖ਼ਾਸ ਪਰਬ ਸਨ। ਅਧਿਆਇ 23 ਵਿਚ ਦੱਸੇ ਗਏ ਖ਼ਾਸ ਸਮਿਆਂ ਵਿਚ ਦਿਨ, ਹਫ਼ਤੇ ਅਤੇ ਮਹੀਨੇ ਸ਼ਾਮਲ ਸਨ। ਇਸ ਅਧਿਆਇ ਵਿਚ ਦੱਸੇ ਗਏ ਪਰਬਾਂ ਦਾ ਸਬੰਧ ਸੱਬਤ ਦੇ ਵਰ੍ਹੇ ਅਤੇ ਅਨੰਦ ਦੇ ਵਰ੍ਹੇ ਨਾਲ ਸੀ। ਜ਼ਮੀਨ ਨੂੰ ਅਰਾਮ ਕਰਨ ਦਿੱਤਾ ਜਾਂਦਾ ਸੀ ਭਾਵ ਕੋਈ ਫ਼ਸਲ ਬੀਜੀ ਜਾਂ ਵੱਡੀ ਨਹੀਂ ਜਾਂਦੀ ਸੀ। ਇਸ ਤੋਂ ਛੁੱਟ ਅਨੰਦ ਦੇ ਵਰ੍ਹੇ ਵਿਚ ਵੇਚੀ ਗਈ ਜ਼ਮੀਨ ਉਸ ਦੇ ਅਸਲ ਮਾਲਕਾਂ ਨੂੰ ਮੋੜ ਦਿੱਤੀ ਜਾਂਦੀ ਸੀ ਅਤੇ ਗੁਲਾਮਾਂ ਨੂੰ ਅਜ਼ਾਦ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਖ਼ਾਸ ਵਰ੍ਹਿਆਂ ਨੂੰ ਮਨਾਉਣ ਲਈ ਯਹੋਵਾਹ ਵਿਚ ਭਰੋਸਾ ਜ਼ਰੂਰੀ ਸੀ। ਇਨ੍ਹਾਂ ਰੀਤਾਂ ਵਿਚ ਲੋਕਾਂ ਨੂੰ ਖ਼ੁਦਾ ਉੱਤੇ ਆਪਣੀ ਨਿਰਭਰਤਾ ਯਾਦ ਦੁਆਈ ਜਾਂਦੀ ਸੀ ਪਰ ਉਨ੍ਹਾਂ ਨਾਲ ਜ਼ਮੀਨ ਦੀ ਉਪਜ ਵੀ ਵੱਧਦੀ, ਗ਼ਰੀਬਾਂ ਦੇ ਪ੍ਰਤੀ ਪਰੋਪਕਾਰ ਨੂੰ ਵਧਾਵਾ ਮਿਲਦਾ ਅਤੇ ਇਸਰਾਏਲ ਵਿਚ ਇਕ ਹੋਰ ਜ਼ਮੀਦਾਰੀ ਵਾਲਾ ਸਮਾਨਤਾਵਾਦੀ ਸਮਾਜ ਬਣਦਾ (ਇੱਕੋ ਜਿਹੇ ਮੌਕੇ ਮਿਲਣ ਨਾਲ)।

## ਸੱਬਤ ਦਾ ਵਰ੍ਹਾ (25:1-7)

**1ਫੇਰ ਯਹੋਵਾਹ ਮੂਸਾ ਨੂੰ ਸੀਨਾ ਦੇ ਪਹਾੜ ਵਿੱਚ ਬੋਲਿਆ ਕਿ 2ਇਸਰਾਏਲੀਆਂ ਨਾਲ ਗੱਲ**
**ਕਰ ਅਤੇ ਓਹਨਾਂ ਨੂੰ ਆਖ, ਜਾਂ ਤੁਸੀਂ ਉਸ ਦੇਸ ਵਿੱਚ ਆ ਜਾਓ, ਜੋ ਮੈਂ ਤੁਹਾਨੂੰ ਦਿੰਦਾ ਹਾਂ ਤਾਂ ਉਹ**
**ਦੇਸ ਯਹੋਵਾਹ ਦੇ ਅੱਗੇ ਇੱਕ ਸੱਬਤ ਰੱਖੇ 3ਛੇ ਵਰਹੇ ਤੈਂ ਆਪਣੀ ਪੈਲ਼ੀ ਬੀਜਣੀ ਅਤੇ ਛੇ ਵਰਹੇ ਤੂੰ**
**ਆਪਣੀਆਂ ਦਾਖਾਂ ਦੀ ਬਾਗਬਾਨੀ ਕਰੀਂ ਅਤੇ ਉਸ ਦੇ ਫਲਾਂ ਨੂੰ ਸਾਂਭੀਂ 4ਪਰ ਸੱਤਵੇਂ ਵਰਹੇ ਵਿੱਚ ਧਰਤੀ**
**ਦੇ ਵਿਸਰਾਮ ਦਾ ਸੱਬਤ ਹੋਵੇਗਾ, ਯਹੋਵਾਹ ਦੇ ਅੱਗੇ ਇੱਕ ਸੱਬਤ। ਤੂੰ ਨਾ ਆਪਣੀ ਪੈਲ਼ੀ ਬੀਜੀਂ,**
**ਨਾ ਆਪਣੇ ਦਾਖਾਂ ਦੀ ਬਾਗਬਾਨੀ ਕਰੀਂ 5ਜਿਹੜੀ ਤੇਰੀ ਹਾੜੀ ਆਪੇ ਹੀ ਉੱਗ ਪਵੇ ਉਸ ਨੂੰ ਤੂੰ ਨਾ**
**ਵੱਢੀਂ, ਨਾ ਆਪਣਿਆ ਵੇਹਲਿਆਂ ਬਾਗਾਂ ਵਿੱਚੋਂ ਦਾਖਾਂ ਤੋੜੀਂ ਕਿਉਂ ਜੋ ਉਹ ਧਰਤੀ ਦੇ ਲਈ ਵਿਸਰਾਮ**
**ਦਾ ਵਰਹਾ ਹੈ 6ਅਤੇ ਧਰਤੀ ਦਾ ਸੱਬਤ ਤੁਹਾਡੇ ਲਈ ਭੋਜਨ ਹੋਵੇਗਾ, ਤੇਰੇ ਲਈ, ਤੇਰੇ ਟਹਿਲੂਏ ਦੇ**
**ਲਈ, ਤੇਰੇ ਟਹਿਲਣ ਦੇ ਲਈ, ਅਤੇ ਤੇਰੇ ਮਜ਼ਦੂਰ ਦੇ ਲਈ ਅਤੇ ਓਪਰੇ ਦੇ ਲਈ, ਜੋ ਤੇਰੇ ਨਾਲ**
**ਵੱਸਦਾ ਹੈ 7ਅਤੇ ਤੇਰੇ ਡੰਗਰਾਂ ਦੇ ਲਈ ਅਤੇ ਉਨ੍ਹਾਂ ਜਾਨਵਰਾਂ ਦੇ ਲਈ, ਜੋ ਤੇਰੇ ਦੇਸ ਵਿੱਚ ਹਨ ਉਸ**
**ਦਾ ਸਾਰਾ ਵਾਧੂ ਭੋਜਨ ਹੋਵੇਗਾ।**

**ਆਇਤਾਂ 1, 2.** ਲੇਵੀਆਂ ਦੀ ਪੋਥੀ ਵਿਚ ਮਿਲਣ ਵਾਲੇ ਹੋਰਨਾਂ ਨਿਯਮਾਂ ਵਾਂਗ ਇਹ ਨਿਯਮ **ਮੂਸਾ** ਦੇ ਰਾਹੀਂ **ਇਸਰਾਏਲੀਆਂ** ਨੂੰ ਦਿੱਤੇ ਗਏ ਸਨ ਅਤੇ ਇਹ ਉਦੋਂ ਲਾਗੂ ਹੋਣੇ ਸਨ ਜਦ ਇਸਰਾਏਲੀਆਂ ਨੇ ਉਸ **ਦੇਸ** ਦੇ ਅੰਦਰ ਵੜਨਾ ਸੀ ਜਿਹੜਾ ਖ਼ੁਦਾ ਨੇ ਉਨ੍ਹਾਂ ਨੂੰ ਦੇਣਾ ਸੀ। ਇਸ ਕਰਕੇ ਇਸ ਪ੍ਰਕਾਸ਼

ਵਿਚ ਇਕ ਆਸ ਭਰੀ ਗੱਲ ਸ਼ਾਮਲ ਸੀ ਕਿਉਂ ਜੋ ਇਸ ਵਿਚ ਇਹ ਪਹਿਲਾਂ ਹੀ ਦੱਸ ਦਿੱਤਾ ਗਿਆ ਕਿ ਇਸਰਾਏਲੀਆਂ ਨੇ ਸਚਮੁਚ ਉਸ ਦੇਸ਼ ਉੱਤੇ ਕਬਜ਼ਾ ਕਰਨਾ ਸੀ ਜਿਸ ਦਾ ਵਾਅਦਾ ਖ਼ੁਦਾ ਨੇ ਉਨ੍ਹਾਂ ਨੂੰ ਦਿੱਤਾ ਸੀ ਅਤੇ ਉਨ੍ਹਾਂ ਨੇ ਉੱਥੇ ਫ਼ਸਲਾਂ ਉਗਾਉਣੀਆਂ ਸਨ।

ਇਸਰਾਏਲੀਆਂ ਦੇ ਕਨਾਨ ਵਿਚ ਵੜਨ ਤੇ ਉਸ **ਦੇਸ** ਵਿਚ **ਯਹੋਵਾਹ ਦੇ ਅੱਗੇ ਇਕ ਸੱਬਤ** ਰੱਖਿਆ ਜਾਣਾ ਸੀ। ਇਸ ਸੱਬਤ ਬਾਰੇ ਦੋ ਮੁੱਖ ਗੱਲਾਂ ਹਨ।

ਪਹਿਲੀ, ਸ਼ਰ੍ਹਾ ਇਹ ਨਹੀਂ ਆਖਦੀ ਕਿ ਲੋਕਾਂ ਨੇ ਉਸ ਸਾਲ ਦੌਰਾਨ ਸੱਬਤ ਮਨਾਉਣਾ ਸੀ। ਭਾਵੇਂ ਉਨ੍ਹਾਂ ਨੂੰ ਫ਼ਸਲ ਬੀਜਣ ਅਤੇ ਕੱਟਣ ਦੀ ਮਨਾਹੀ ਸੀ। ਪਰ ਸ਼ਰ੍ਹਾ ਇਹ ਨਹੀਂ ਆਖਦੀ ਸੀ ਕਿ ਉਹ ਉਸ ਸਾਲ ਦੌਰਾਨ ਹਰ ਤਰ੍ਹਾਂ ਦੇ ਕੰਮ ਤੋਂ ਪਰਹੇਜ਼ ਕਰਨ। ਖੇਤੀ ਦਾ ਕੰਮ ਘਟਾਇਆ ਗਿਆ ਸੀ ਪਰ ਬਾਕੀ ਦੇ ਕੰਮ ਜਾਰੀ ਰੱਖੇ ਜਾ ਸਕਦੇ ਸਨ।

ਦੂਜੀ, ਦੇਸ ਦਾ ''ਸੱਬਤ'' ''ਯਹੋਵਾਹ ਦੇ ਅੱਗੇ'' ਹੋਣਾ ਸੀ। ਕਿਸ ਅਰਥ ਵਿਚ? ਭਾਵੇਂ ਉਸ ਸਾਲ ਦੌਰਾਨ ਕੋਈ ਵਾਧੂ ਬੰਦਗੀਆਂ ਜਾਂ ''ਸਭਾਵਾਂ'' ਨਹੀਂ ਹੋਣੀਆਂ ਸਨ, ਪਰ ਖੇਤੀਬਾੜੀ ਵਾਲੇ ਇਸ ਸਮਾਜ ਦੇ ਲੋਕਾਂ ਕੋਲ ਹੋਰਨਾਂ ਗਤੀਵਿਧੀਆਂ ਲਈ ਵਧੇਰੇ ਸਮਾਂ ਹੋਣਾ ਸੀ ਕਿਉਂ ਜੋ ਉਹ ਬੀ ਜਾਂ ਵੱਢ ਤਾਂ ਰਹੇ ਨਹੀਂ ਸਨ। ਸ਼ਾਇਦ ਯਹੋਵਾਹ ਚਾਹੁੰਦਾ ਹੋਵੇ ਕਿ ਸੱਬਤ ਦੇ ਵਰ੍ਹੇ ਦੌਰਾਨ ਲੋਕ ਨਿੱਜੀ ਤੌਰ ਤੇ ਉਸ ਦੀ ਭਲਿਆਈ ਅਤੇ ਉਸ ਦੀ ਪ੍ਰਾਰਥਨਾ ਕਰਨ ਉੱਤੇ ਧਿਆਨ ਲਾ ਕੇ ਆਪਣਾ ਬਹੁਤਾ ਸਮਾਂ ਕੱਟਣ। ਇਵੇਂ ਹੈ ਸੀ ਜਾਂ ਨਹੀਂ, ਪਰ ਦੇਸ ਦਾ ''ਸੱਬਤ'' ''ਯਹੋਵਾਹ ਦੇ ਅੱਗੇ'' ਇਸ ਅਰਥ ਵਿਚ ਸੀ ਕਿ ਇਹ ਯਹੋਵਾਹ ਵੱਲੋਂ ਮਨਾਉਣਾ ਦੱਸਿਆ ਗਿਆ ਸੀ, ਯਹੋਵਾਹ ਦੇ ਸਨਮਾਨ ਵਿਚ ਮਨਾਇਆ ਜਾਂਦਾ ਸੀ ਅਤੇ ਇਸਰਾਏਲ ਦੇ ਯਹੋਵਾਹ ਦੇ ਪ੍ਰਤੀ ਸਮਰਪਣ ਦਾ ਸਬੂਤ ਸੀ।

**ਆਇਤਾਂ 3-5.** ਖ਼ੁਦਾ ਨੇ ਸਮਝਾ ਦਿੱਤਾ ਕਿ ਦੇਸ ਦੇ ਲਈ **ਸੱਬਤ** ਤੋਂ ਉਸ ਦਾ ਕੀ ਭਾਵ ਸੀ। **ਛੇ ਵਰ੍ਹੇ** ਦੀ ਬਿਜਾਈ ਅਤੇ ਛਟਾਈ ਅਤੇ ਵਾਢੀ ਤੋਂ ਬਾਅਦ **ਸਤਵੇਂ ਵਰ੍ਹੇ** ਲੋਕਾਂ ਨੇ ਕੋਈ ਫ਼ਸਲ ਉਗਾਉਣੀ ਜਾਂ ਵੱਢਣੀ ਨਹੀਂ ਸੀ (25:3, 4; ਵੇਖੋ ਕੂਚ 23:10, 11)।[1] ਸਾਫ਼ ਹੈ ਕਿ ਇਹ ਸਤਵਾਂ ਵਰ੍ਹਾ ਛੇਵੇਂ ਵਰ੍ਹੇ ਵਾਲੀ ਵਾਢੀ ਦੇ ਖ਼ਤਮ ਹੋ ਜਾਣ ਤੇ ਸ਼ੁਰੂ ਹੁੰਦਾ ਸੀ। ਇਸ ਕਰਕੇ ਇਸਰਾਏਲੀਆਂ ਨੇ ਸਾਲ ਦਾ ਅਖ਼ੀਰ ਸ਼ੁਰੂ ਹੋਣ ਤੇ ਖੇਤੀਬਾੜੀ ਦੇ ਸਤਵੇਂ ਸਾਲ (ਪਵਿੱਤਰ ਕਲੰਡਰ ਦੇ ਸਤਵੇਂ ਮਹੀਨੇ ਵਿਚ) ਕੋਈ ਫ਼ਸਲ ਨਹੀਂ ਬੀਜਣੀ ਸੀ।

ਇਸ **ਵਿਸਰਾਮ ਦਾ ਵਰ੍ਹਾ** ਵਿਚ ਕੁਝ ਚੀਜ਼ਾਂ ਆਪਣੇ ਆਪ ਉੱਗ ਆਉਣੀਆਂ ਸਨ, ਪਰ ਉਹ ਚੀਜ਼ਾਂ ਵੀ ਭਾਵ **ਵੇਹਲਿਆਂ ਬਾਗਾਂ** ਵਿਚ **ਆਪੇ ਹੀ ਉੱਗ**[2] ਆਈਆਂ **ਦਾਖਾਂ** ਵੀ ਨਹੀਂ ਤੋੜੀਆਂ ਜਾਣੀਆਂ ਸਨ (25:5)। ਜ਼ਮੀਨ ਨੂੰ ਅਰਾਮ ਕਰਨ ਦਿੱਤਾ ਜਾਣਾ ਸੀ ਭਾਵ ਬਿਨਾਂ ਵਾਹੇ ਰੱਖਿਆ ਜਾਣਾ ਸੀ। ਬੇਸ਼ੱਕ ਇਹ ਨਿਯਮ ਧਾਰਮਿਕ ਕਾਰਣਾਂ ਕਰਕੇ ਦਿੱਤਾ ਗਿਆ ਸੀ, ਪਰ ਇਸ ਦਾ ਫ਼ਾਇਦਾ ਜ਼ਮੀਨ ਨੂੰ ਵੀ ਹੁੰਦਾ ਹੋਵੇਗਾ। ਅੱਜ ਕਈ ਵਾਰ ਜ਼ਮੀਨ ਨੂੰ ਵਿਚ-ਵਿਚ ਖਾਲੀ ਰੱਖਣਾ ਖੇਤੀਬਾੜੀ ਦਾ ਵਧੀਆ ਤਰੀਕਾ ਹੈ; ਅਜਿਹਾ ਕਰਨ ਨਾਲ ਇਸ ਦਾ ਉਜਾਊਪਣ ਮੁੜ ਆਉਂਦਾ ਹੈ ਅਤੇ ਇਹ ਵੱਧ ਉਪਜ ਦਿੰਦੀ ਹੈ।

**ਆਇਤਾਂ 6, 7.** ਅਰਾਮ ਦੇ ਸਮੇਂ ਦੌਰਾਨ ਆਪਣੇ ਆਪ ਉੱਗ ਆਈਆਂ ਫ਼ਸਲਾਂ ਸਭ ਦੇ ਭਾਵ ਇਸਰਾਏਲੀਆਂ, **ਟਹਿਲਣ**, **ਮਜ਼ਦੂਰ** ਅਤੇ **ਓਪਰੇ** ਨਾਲ ਨਾਲ **ਡੰਗਰਾਂ** ਦੇ **ਭੋਜਨ** ਲਈ ਹੋਣੀਆਂ ਸਨ। ਨਵੀਂ ਫ਼ਸਲ ਬੀਜੀ ਨਹੀਂ ਜਾ ਸਕਦੀ ਸੀ। ਪਰ ਦਾਖਾਂ ਅਤੇ ਦਰੱਖਤਾਂ ਉੱਤੇ ਆਪਣੇ ਆਪ ਜੋ ਵੀ ਲੱਗ ਜਾਵੇ ਜਾਂ ਉੱਗ ਆਵੇ ਉਹ ਨੂੰ ਲੋਕ ਵੀ ਖਾ ਸਕਦੇ ਸਨ ਅਤੇ ਜਾਨਵਰ ਵੀ।[3]

ਕੋਈ ਹੈਰਾਨ ਹੋ ਸਕਦਾ ਹੈ, ''ਜੇ ਸੱਬਤ ਦੇ ਵਰ੍ਹੇ ਦੌਰਾਨ ਕੋਈ ਫ਼ਸਲ ਨਹੀਂ ਉੱਗਦੀ ਸੀ ਤਾਂ ਲੋਕ ਜ਼ਿੰਦਾ ਕਿਵੇ ਰਹਿੰਦੇ ਸਨ? ਉਹ ਕੀ ਖਾਂਦੇ ਸਨ?'' ਇਸ ਦੇ ਕਈ ਜਵਾਬ ਹੋ ਸਕਦੇ ਸਨ: (1) ਲੋਕ ਉਹੀ ਖਾਂਦੇ ਹੋ ਸਕਦੇ ਸਨ ਜੋ ਜ਼ਮੀਨ ''ਅਰਾਮ'' ਕਰਨ ਦੌਰਾਨ ਉਗਾਉਂਦੀ ਹੋਵੇਗੀ। (2) ਜਾਨਵਰ ਅਜੇ ਵੀ ਪਾਲੇ ਜਾ ਸਕਦੇ ਸਨ ਅਤੇ ਉਨ੍ਹਾਂ ਨੂੰ ਚਾਰਾ ਪਾਇਆ ਜਾ ਸਕਦਾ ਸੀ ਅਤੇ

ਉਹ ਅਜੇ ਵੀ ਹਰਿਆਲੀ ਉੱਤੇ ਚਰ ਕੇ ਅਨਾਜ ਆਪਣੇ ਆਪ ਉਗਾ ਸਕਦੇ ਸਨ। ਉਨ੍ਹਾਂ ਨੂੰ ਉਸ ਸਾਲ ਦੌਰਾਨ ਖਾਧਾ ਵੀ ਜਾ ਸਕਦਾ ਸੀ। ਅਸਲ ਵਿਚ ਸ਼ਰ੍ਹਾ ਦੀਆਂ ਕੁਰਬਾਨੀ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਜਾਨਵਰ ਪੈਦਾ ਕਰਨੇ ਜ਼ਰੂਰੀ ਹੁੰਦੇ ਹੋਣਗੇ। (3) ਸਤਵੇਂ ਵਰ੍ਹੇ ਦੌਰਾਨ ਖਾਣ ਲਈ ਛੇਵੇਂ ਵਰ੍ਹੇ ਦੌਰਾਨ ਭੋਜਨ ਇਕੱਠਾ ਕਰਨ ਦੇ ਵਿਰੁੱਧ ਕੋਈ ਨਿਯਮ ਨਹੀਂ ਸੀ (ਵੇਖੋ 25:20–22)।

ਸਭ ਤੋਂ ਵਧੀਆ ਜਵਾਬ ਇਹ ਹੈ ਕਿ ਸੱਬਤ ਦਾ ਵਰ੍ਹਾ ਵਿਸ਼ਵਾਸ ਦੀ ਪਰਖ ਸੀ। ਇਸਰਾਏਲੀਆਂ ਲਈ ਸਤਵੇਂ ਵਰ੍ਹੇ ਨਾਲ ਜੁੜੇ ਇਨ੍ਹਾਂ ਨਿਯਮਾਂ ਨੂੰ ਮਨਾਉਂਦਿਆਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਖ਼ੁਦਾ ਉੱਤੇ ਭਰੋਸਾ ਰੱਖਣ ਦੀ ਲੋੜ ਸੀ। ਇਸ ਅਰਥ ਵਿਚ ਵਿਸਰਾਮ ਦੇ ਵਰ੍ਹੇ ਦਾ ਸੱਬਤ ਦੇ ਦਿਨ ਨਾਲ ਕੋਈ ਸਬੰਧ ਸੀ। ਇਸ ਵਿਸ਼ਵਾਸ ਨਾਲ ਕਿ ਖ਼ੁਦਾ ਉਨਾਂ ਨੂੰ ਸਤਵੇਂ ਦਿਨ ਜ਼ਿੰਦਾ ਰਹਿਣ ਲਈ ਛੇ ਦਿਨਾਂ ਵਿਚ ਐਨਾ ਕੁ ਦੇ ਦੇਵਗਾ ਕਿ ਉਹ ਸਤਵੇਂ ਦਿਨ ਜ਼ਿੰਦਾ ਰਹਿ ਸਕਣ, ਯਹੂਦੀਆਂ ਨੇ ਸੱਬਤ ਵਾਲੇ ਦਿਨ ਕੰਮ ਨਹੀਂ ਕਰਨਾ ਸੀ। ਇਸ ਨਿਯਮ ਨੂੰ ਉਜਾੜ ਵਿਚ ਇਸਰਾਏਲੀਆਂ ਦੇ ਰਹਿਣ ਦੌਰਾਨ ਖ਼ੁਦਾ ਵੱਲੋਂ ਮੰਨ ਮੁਹੱਈਆ ਕਰਵਾਉਣ ਦੇ ਰਾਹੀਂ ਵਿਖਾਇਆ ਗਿਆ ਸੀ। ਇਹਦਾ ਮਤਲਬ ਇਹ ਹੋਇਆ ਕਿ ਉਸ ਸਾਲ ਦਾ ਦੋਹਰਾ ਮਕਸਦ ਜ਼ਮੀਨ ਨੂੰ ਅਰਾਮ ਕਰਨ ਦੇਣ ਦੇ ਨਾਲ ਨਾਲ ਇਸਰਾਏਲੀਆਂ ਦੇ ਆਪਣੇ ਜ਼ਿੰਦਾ ਰਹਿਣ ਲਈ ਖ਼ੁਦਾ ਵਿਚ ਭਰੋਸਾ ਰੱਖਣ ਨੂੰ ਪਰਖਣਾ ਸੀ।

## ਅਨੰਦ ਦਾ ਵਰ੍ਹਾ (25:8-55)

ਅਨੰਦ ਦਾ ਵਰ੍ਹਾ ਸੱਬਤ ਦੇ ਸੱਤ ਵਰ੍ਹਿਆਂ ਤੋਂ ਬਾਅਦ ਹਰ ਪੰਜਾਹਵੇਂ ਵਰ੍ਹੇ ਹੁੰਦਾ ਸੀ। ਅਨੰਦ ਦਾ ਐਲਾਨ ਪ੍ਰਾਸਚਿਤ ਵਾਲੇ ਦਿਨ ਸ਼ੋਫ਼ਰ (ਛਤਰੇ ਦੇ ਸਿੰਗ ਨਾਲ ਬਣੀ ਤੁਰ੍ਹੀ) ਵਜਾਉਣ ਨਾਲ ਹੁੰਦਾ ਸੀ। ਅਨੰਦ ਲਈ ਅੰਗ੍ਰੇਜ਼ੀ ਸ਼ਬਦ ''ਜੁਬਲੀ'' (*yobel*, *ਯੋਬਲ*) ਛਤਰੇ ਦੇ ਸਿੰਗ ਤੋਂ ਇਸਦੇ ਨਾਂਅ ਤੋਂ ਲਿਆ ਗਿਆ ਹੈ।[4] ਇਕ ਸਾਲ ਅਲਹਿਦਾ ਰੱਖਣ ਤੋਂ ਇਲਾਵਾ ਜਿਸ ਵਿਚ ਜ਼ਮੀਨ ਨੇ ਸੱਬਤ ਦੇ ਅਰਾਮ ਨੂੰ ਮਾਣਨਾ ਸੀ (ਸੱਬਤ ਦੇ ਵਰ੍ਹੇ ਵਾਂਗ), ਇਸ ਨਿਯਮ ਦਾ ਮੁੱਖ ਕੰਮ ਸਾਰੇ ਇਸਰਾਏਲੀਆਂ ਨੂੰ ''ਰਿਹਾਈ'' ਦੇਣਾ ਸੀ ਤਾਂ ਜੋ ਹਰ ਵਿਅਕਤੀ ਆਪੋ ਆਪਣੀ ਜ਼ਮੀਨ ਵੱਲ ਭਾਵ ਉਸ ਵਿਰਾਸਤ ਵੱਲ ਵਾਪਸ ਜਾ ਸਕੇ ਜਿਹੜੀ ਇਸਰਾਏਲੀਆਂ ਦੇ ਕਨਾਨ ਉੱਤੇ ਫ਼ਤਹਿ ਕਰਨ ਤੋਂ ਬਾਅਦ ਉਸਦੇ ਪਰਿਵਾਰ ਨੂੰ ਮਿਲੀ ਸੀ ਅਤੇ ਗੋਤਰਾਂ ਵਿਚ ਵੰਡੀ ਗਈ ਸੀ। ਇਸ ਕੰਮ ਦੇ ਸਬੰਧ ਵਿਚ, ਇਹ ਸਮਾਂ ਇਸਰਾਏਲੀਆਂ ਵੱਲੋਂ ਗੁਲਾਮਾਂ ਨੂੰ ਰਿਹਾਅ ਕੀਤੇ ਜਾਣ ਦਾ ਵੀ ਹੁੰਦਾ ਸੀ।

ਵਿਦ ਇਨ੍ਹਾਂ ਦੋ ਮਕਸਦਾਂ ਨੂੰ ਪੂਰਾ ਕਰਨ ਦੇ ਨਾਲ ਜ਼ਮੀਨ ਨੂੰ ਇਸ ਦੇ ਅਸਲ ਮਾਲਕਾਂ ਨੂੰ ਮੋੜ ਕੇ ਅਤੇ ਇਸਰਾਏਲੀ ਗੁਲਾਮਾਂ ਨੂੰ ਰਿਹਾਅ ਕਰਨ ਦੇ ਵੱਡੇ ਆਰਥਕ ਨਤੀਜੇ ਹੁੰਦੇ ਸਨ। ਇਸ ਕਰਕੇ ਵੱਖੋ–ਵੱਖ ਸੰਭਾਵਨਾਵਾਂ ਨੂੰ ਧਿਆਨ ਵਿਖ ਰੱਖਦਿਆਂ ਧਿਆਨ ਨਾਲ ਦੱਸਿਆ।

### ਪਰਿਭਾਸ਼ਾ ਅਤੇ ਵੇਰਵਾ (25:8-12)

**8ਅਤੇ ਤੈਂ ਵਰਿਹਾਂ ਦੇ ਸੱਤ ਸੱਬਤ ਗਿਣਨੇ, ਅਰਥਾਤ ਸੱਤੇ ਸੱਤ ਵਰਹੇ ਅਤੇ ਇਨ੍ਹਾਂ ਸੱਤਾਂ ਸੱਬਤਾਂ ਦੇ ਵਰਿਹਾਂ ਦਾ ਵੇਲਾ ਸੋ ਤੇਰੇ ਲਈ ਉਣੰਜਾ ਵਰਹੇ ਹੋਣ 9ਤਾਂ ਤੂੰ ਅਨੰਦ ਦੀ ਤੁਰ੍ਹੀ ਸੱਤਵੇਂ ਮਹੀਨੇ ਦੀ ਪੰਧ੍ਰਵੀਂ ਮਿਤੀ ਨੂੰ ਸੁਣਾਵੀਂ, ਅਰਥਾਤ ਪ੍ਰਾਸਚਿਤ ਦੇ ਦਿਨ ਨੂੰ ਆਪਣੇ ਸਾਰੇ ਦੇਸ ਵਿੱਚ ਤੁਸਾਂ ਤੁਰ੍ਹੀ ਸੁਣਾਉਣੀ 10ਅਤੇ ਤੁਸਾਂ ਪੰਜਾਹਵੇਂ ਵਰਹੇ ਨੂੰ ਪਵਿੱਤਰ ਰੱਖਣਾ ਅਤੇ ਦੇਸ ਦਿਆਂ ਸਾਰਿਆ ਵਾਸੀਆਂ ਦੇ ਲਈ ਛੁਟਕਾਰੇ ਦਾ ਹੋਕਾ ਦੇਣਾ ਇਹ ਤੁਹਾਡੇ ਲਈ ਅਨੰਦ ਹੋਵੇਗਾ ਅਤੇ ਤੁਸਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਣਾ ਅਤੇ ਤੁਸਾਂ ਆਪੋ ਆਪਣੇ ਟੱਬਰਾ ਵਿੱਚ ਮੁੜ ਜਾਣਾ 11ਉਹ ਪੰਜਾਹਵਾਂ ਵਰਹਾ ਤੁਹਾਡੇ ਲਈ ਅਨੰਦ ਦਾ ਹੋਵੇਗਾ, ਤੁਸਾਂ ਨਾ ਬੀਜਣਾ, ਨਾ ਉਸ ਦੇ ਵਿੱਚ ਜਿਹੜਾ ਆਪੇ ਉੱਗ ਪਵੇ ਵੱਢਣਾ, ਨਾ ਉਸ ਦੇ ਵਿੱਚ ਆਪਣੇ ਵੇਹਲੇ ਬਾਗ ਦੀਆਂ ਦਾਖਾਂ ਤੋੜਨੀਆਂ 12ਕਿਉਂ ਜੋ ਉਹ ਅਨੰਦ ਦਾ ਹੈ, ਉਹ**

**ਤੁਹਾਡੇ ਲਈ ਪਵਿੱਤਰ ਹੋਵੇ। ਤੁਸਾਂ ਉਸ ਦਾ ਵਾਧੂ ਪੈਲ਼ੀ ਵਿੱਚੋਂ ਖਾਣਾ।**

ਇਸ ਤਰ੍ਹਾਂ ਨਾਲ ਵਿਸ਼ਾ ਸੱਬਤ ਦੇ ਵਰ੍ਹੇ ਤੋਂ ਹਟ ਕੇ ਅਨੰਦ ਦੇ ਵਰ੍ਹੇ ਵੱਲ ਆ ਜਾਂਦਾ ਹੈ ਅਤੇ ਬਾਕੀ ਦੇ ਅਧਿਆਇ ਵਿਚ ਪੰਜਾਹਵੇਂ ਵਰ੍ਹੇ ਨਾਲ ਸਬੰਧਿਤ ਨਿਯਮ ਮਿਲਦੇ ਹਨ।

**ਆਇਤ 8.** ਅਨੰਦ ਦਾ ਵਰ੍ਹਾ **ਸੱਤਾਂ ਸੱਬਤਾਂ ਦੇ ਵਰ੍ਹਿਆਂ** ਦੇ ਚੱਕਰਾਂ ਦੇ ਬਾਅਦ ਆਉਂਦਾ ਸੀ, ਜੋ ਕੁਲ **ਉਣੰਜਾ ਵਰ੍ਹੇ** ਬਣਦੇ ਹਨ। ਹੋਣਾ ਸੀ ਭਾਵ ''ਪੰਜਾਹਵਾਂ ਵਰ੍ਹਾ'' (25:10)।

ਅੰਗ੍ਰੇਜ਼ੀ ਦੇ ਸੰਸਕਰਣਾਂ ਵਾਂਗ ਕਈ ਟੀਕਾਕਾਰ ਇਹ ਮੰਨਦੇ ਹਨ ਕਿ ਅਨੰਦ (ਜੁਬਲੀ) ਪੰਜਾਹਵੇਂ ਵਰ੍ਹੇ ਮਨਾਇਆ ਜਾਂਦਾ ਸੀ। ਕੁਝ ਲੋਕ ਇਸ ਵਿਚਾਰ ਤੇ ਸਵਾਲ ਉਠਾਉਂਦੇ ਹਨ, ਖ਼ਾਸ ਕਰਕੇ ਇਸ ਕਰਕੇ ਕਿ ਜੇ ਇਹ ਪੰਜਾਹਵੇਂ ਵਰ੍ਹੇ ਹੁੰਦਾ ਸੀ ਤਾਂ ਇਸ ਵਿਚ ਦੋ ਸੱਬਤ ਦੇ ਵਰ੍ਹੇ ਇਕੱਠੇ ਹੁੰਦੇ ਹੋਣਗੇ; ਅਤੇ ਉਨ੍ਹਾਂ ਨੂੰ ਇਸ ਗੱਲ ਤੇ ਸ਼ੱਕ ਲਗਦਾ ਹੈ ਕਿ ਸਮਾਜ ਦੋ ਸਾਲ ਬਿਨਾਂ ਫ਼ਸਲ ਦੇ ਜ਼ਿੰਦਾ ਰਹਿ ਸਕਦਾ ਸੀ। ਇਸ ਕਰਕੇ ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਅਨੰਦ ਦਾ ਵਰ੍ਹਾ ਸਤਵੇਂ ਸੱਬਤ ਦੇ ਵਰ੍ਹੇ ਜਾਂ ਉਣੰਜਵੇਂ ਵਰ੍ਹੇ ਦੇ ਬਰਾਬਰ ਸੀ ਅਤੇ ਪੰਜਾਹ ਸਾਲਾਂ ਦੇ ਜ਼ਿਕਰ ਵਿਚ ਸਮੇਂ ਦੀ ''ਕੁੱਲ'' ਗਿਣਤੀ ਸ਼ਾਮਲ ਸੀ। ਇਸ ਵਿਚਾਰ ਨੂੰ ਸਮਝਾਉਣ ਤੋਂ ਬਾਅਦ ਗੋਰਡਨ ਜੇ. ਵੈਨਹਮ ਨੇ ਇਹ ਵਿਚਾਰ ਜ਼ਾਹਿਰ ਕੀਤਾ ਕਿ ਜੁਬਲੀ (ਅਨੰਦ) ਦਾ ਵਰ੍ਹਾ ਉਣੰਜਾ ਦਿਨਾਂ ਦਾ ਛੋਟਾ ਵਰ੍ਹਾ ਹੁੰਦਾ ਹੋਵੇਗਾ ਜਿਹੜਾ ਉਣੰਜਵੇਂ ਵਰ੍ਹੇ ਦੇ ਇਕਦਮ ਬਾਅਦ ਮਨਾਇਆ ਜਾਂਦਾ ਹੋਵੇਗਾ। ਅਜਿਹੇ ਛੋਟੇ ''ਵਰ੍ਹੇ'' ਨਾਲ ਜੁਬਲੀ ਦੇ ਵਰ੍ਹੇ ਦੇ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੋਵੇਗਾ, ਇਕ ਸਾਰ ਦੋ ਸੱਬਤ ਦੇ ਵਰ੍ਹਿਆਂ ਨੂੰ ਮਨਾਏ ਬਿਨਾਂ।[5] ਇਨ੍ਹਾਂ ਪੇਸ਼ਕਸ਼ਾਂ ਦੇ ਬਾਵਜੂਦ ਅਨੰਦ ਜਾਂ ਜੁਬਲੀ ਦੇ ਵਰ੍ਹੇ ਨੂੰ ਪੰਜਾਹਵਾਂ ਅਤੇ ਪੂਰਾ ਵਰ੍ਹਾ ਮੰਨ ਲੈਣਾ ਵਧੀਆ ਹੈ।

**ਆਇਤ 9.** ਅਨੰਦ ਦੇ ਵਰ੍ਹੇ ਦਾ ਐਲਾਨ ਪੂਰੇ ਦੇਸ਼ ਵਿਚ **ਤੁਰ੍ਹੀ** ਦੇ ਵਜਾਏ ਜਾਣ ਨਾਲ ਹੁੰਦਾ ਸੀ। ਇਸ ਦੀ ਸ਼ੁਰੂਆਤ **ਸਤਵੇਂ ਮਹੀਨੇ ਦੀ ਪੰਧ੍ਰਵੀਂ ਮਿਤੀ ਨੂੰ, ਪ੍ਰਾਸਚਿਤ ਦੇ ਦਿਨ** . . . ਤੁਰ੍ਹੀ ਫੂਕਣ ਨਾਲ ਹੁੰਦੀ ਸੀ। ਇਹ ਖੇਤੀਬਾੜੀ ਦੇ ਅਗਲੇ ਵਰ੍ਹੇ ਦੌਰਾਨ ਕੱਟੀਆਂ ਜਾਣ ਵਾਲੀਆਂ ਫ਼ਸਲਾਂ ਦੀ ਬਿਜਾਈ ਤੋਂ ਥੋੜ੍ਹਾ ਪਹਿਲਾਂ ਹੁੰਦਾ ਸੀ। ਜਿਵੇਂ ਖੇਤੀਬਾੜੀ ਦਾ ਵਰ੍ਹਾ ਅਰੰਭ ਹੋਣ ਦੇ ਨਾਲ ਸਾਲ ਦੇ ਅਖ਼ੀਰ ਵਿਚ ਸੱਬਤ ਦਾ ਵਰ੍ਹਾ ਸ਼ੁਰੂ ਹੁੰਦਾ ਸੀ ਉਵੇਂ ਹੀ ਸਾਲ ਦੇ ਅਖ਼ੀਰ ਵਿਚ ਅਨੰਦਾ ਵਰ੍ਹਾ ਸ਼ੁਰੂ ਹੁੰਦਾ ਸੀ।

**ਆਇਤ 10.** ਅਨੰਦ ਦੇ ਵਰ੍ਹੇ ਦਾ ਮੁੱਖ ਮਕਸਦ **ਦੇਸ ਦਿਆਂ ਸਾਰਿਆ ਵਾਸੀਆਂ ਦੇ ਲਈ ਛੁਟਕਾਰੇ ਦਾ ਹੋਕਾ ਦੇਣਾ** ਸੀ। ''ਛੁਟਕਾਰੇ'' ਦੀ ਥਾਂ NKJV ਵਿਚ ਇਬਰਾਨੀ ਸ਼ਬਦ *deror* (*ਡਰੋਰ*) ਦਾ ਅਨੁਵਾਦ ''ਖੁੱਲ੍ਹ'' ਹੋਇਆ ਹੈ।

ਆਇਤ ਦੇ ਅਗਲੇ ਭਾਗ **ਅਤੇ ਤੁਸਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਣਾ ਅਤੇ ਤੁਸਾਂ ਆਪੋ ਆਪਣੇ ਟੱਬਰਾਂ ਵਿੱਚ ਮੁੜ ਜਾਣਾ** ਲਈ NASB ਵਿਚ ਹੈ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੀ ਜਾਇਦਾਦ ਵਿਚ ਮੁੜ ਜਾਵੇ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਰਿਵਾਰ ਕੋਲ ਮੁੜ ਜਾਵੇ। ''ਅਤੇ'' ਦੀ ਥਾਂ ''ਜਦ'' ਸ਼ਬਦ ਵਰਤਿਆ ਜਾ ਸਕਦਾ ਹੈ: ''*ਜਦ* ਤੁਸਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਓ *ਜਦ* ਤੁਸਾਂ ਆਪੋ ਆਪਣੇ ਟੱਬਰਾਂ ਵਿੱਚ ਮੁੜ ਜਾਓ।'' ਇਸ ''ਛੁਟਕਾਰੇ'' ਜਾਂ ''ਖੁੱਲ੍ਹ'' ਨਾਲ ਲੋਕਾਂ ਨੇ ਆਪੋ ਆਪਣੀ ''ਪੱਤੀ'' ਅਤੇ ਆਪੋ ਆਪਣੇ ''ਟੱਬਰ'' ਵੱਲ ''ਮੁੜ'' ਸਕਣਾ ਸੀ। ਉਨ੍ਹਾਂ ਦੇ ਆਪੋ ਆਪਣੀ ਪੱਤੀ ਜਾਂ ਜਾਇਦਾਦ ਵੱਲ ਮੁੜ ਜਾਣ ਨਾਲ ਜ਼ਮੀਨ ਉਸ ਦੇ ਅਸਲ ਮਾਲਕਾਂ ਨੂੰ ਮਿਲ ਜਾਣੀ ਸੀ; ਅਤੇ ਉਨ੍ਹਾਂ ਦੇ ਆਪੋ ਆਪਣੇ ਟੱਬਰਾਂ ਵੱਲ ਮੁੜ ਜਾਣ ਨਾਲ ਇਸਰਾਏਲੀਆਂ ਨੂੰ ਗੁਲਾਮ ਹੋਣ ਤੋਂ ਆਪੋ ਆਪਣੇ ਦੇਸ ਵਾਸੀਆਂ ਕੋਲ ਮੁੜ ਜਾਣਾ ਹੁੰਦਾ ਸੀ। ਇਨ੍ਹਾਂ ਰਿਹਾਈਆਂ ਨਾਲ ਇਸਰਾਏਲੀਆਂ ਨੇ **ਅਨੰਦ** ਮਨਾ ਸਕਣਾ ਸੀ।

**ਆਇਤਾਂ 11, 12.** ਇਸ ਨੂੰ ਉਨ੍ਹਾਂ ਵੱਲੋਂ ਸੱਬਤ ਦੇ ਵਰ੍ਹੇ ਵਾਂਗ ਮਨਾਇਆ ਜਾਣਾ ਸੀ। ਉਨ੍ਹਾਂ

ਨੇ **ਬੀਜਣ** ਜਾਂ **ਵੱਢਣ** ਤੋਂ ਪਰਹੇਜ਼ ਕਰਨਾ ਹੁੰਦਾ ਸੀ, ਪਰ ਉਹ ਆਪਣੇ ਆਪ ਉੱਗ ਆਈ ਜ਼ਮੀਨ ਦੀ ਫ਼ਸਲ ਵਿੱਚੋਂ ਖਾ ਸਕਦੇ ਸਨ।

ਅਨੰਦ ਦੇ ਵਰ੍ਹੇ ਦੀ ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੈ ਕਿ ਲੋਕਾਂ ਲਈ ਇਸ ਨੂੰ ''ਪਵਿੱਤਰ ਰੱਖਣਾ'' (25:10) ਜਾਂ ਇਸ ਨੂੰ **ਪਵਿੱਤਰ** ਮੰਨਣਾ ਜ਼ਰੂਰੀ ਸੀ। ਦੂਜੇ ਸ਼ਬਦਾਂ ਵਿਚ ਇਸ ਵਰ੍ਹੇ ਨੂੰ ਯਹੋਵਾਹ ਪਰਮੇਸ਼ੁਰ ਨੂੰ ਸਨਮਾਨ ਦੇਣ ਲਈ ਅੱਡ ਰੱਖਣਾ ਜ਼ਰੂਰੀ ਸੀ। ਕੁਝ ਤਰੀਕਿਆਂ ਨਾਲ ਇਹ ਉਸ ਦੀ ਪਵਿੱਤਰਤਾਈ ਨੂੰ ਦਰਸਾਉਂਦਾ ਸੀ, ਇਸ ਕਰਕੇ ਇਹ ''ਪਵਿੱਤਰ'' ਵਰ੍ਹਾ ਸੀ।

### ਬੁਨਿਆਦੀ ਨਿਯਮ (25:13-17)

**13ਏਸ ਅਨੰਦ ਦੇ ਵਰਹੇ ਵਿੱਚ ਤੁਸਾਂ ਸਭਨਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਣਾ 14ਅਤੇ ਜੇ ਤੂੰ ਆਪਣੇ ਗਵਾਂਢੀ ਪਾਸ ਕੁਝ ਵੇਚੇਂ ਯਾਂ ਆਪਣੇ ਗਵਾਂਢੀ ਦੇ ਹੱਥੋਂ ਕੁਝ ਮੁੱਲ ਲਵੇਂ ਤਾਂ ਤੁਸਾਂ ਇਕ ਦੂਜੇ ਨੂੰ ਦੁਖ ਨਾ ਦੇਣਾ 15ਅਨੰਦ ਦੇ ਪਿੱਛੋਂ ਜਿੰਨੇ ਵਰਹੇ ਹਨ ਉਨ੍ਹਾਂ ਦੇ ਅਨੁਸਾਰ ਤੁਸਾਂ ਆਪਣੇ ਗਵਾਂਢੀ ਤੋਂ ਮੁਲ ਲੈਣਾ ਅਤੇ ਖੱਟੀ ਦੇ ਵਰਿਹਾਂ ਦੇ ਲੇਖੇ ਦੇ ਅਨੁਸਾਰ ਉਹ ਤੇਰੇ ਹੱਥ ਵੇਚ ਲਵੇ 16ਵਰਿਹਾਂ ਦੇ ਵਧਣ ਦੇ ਅਨੁਸਾਰ ਤੂੰ ਉਸ ਦਾ ਮੁੱਲ ਵਧਾਵੀਂ ਅਤੇ ਵਰਿਹਾਂ ਦੇ ਘਟਣ ਦੇ ਅਨੁਸਾਰ ਤੂੰ ਉਸ ਦਾ ਮੁੱਲ ਘਟਾਵੀਂ ਕਿਉਂ ਜੋ ਖੱਟੀ ਦੇ ਵਰਿਹਾਂ ਦੇ ਲੇਖੇ ਦੇ ਅਨੁਸਾਰ ਉਹ ਤੇਰੇ ਕੋਲ ਵੇਚ ਲੈਂਦਾ ਹੈ 17ਸੋ ਤੁਸਾਂ ਇੱਕ ਦੂਜੇ ਨੂੰ ਦੁਖ ਨਾ ਦੇਣਾ, ਪਰ ਤੂੰ ਆਪਣੇ ਪਰਮੇਸ਼ੁਰ ਤੋਂ ਡਰੀਂ ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

ਯਹੋਵਾਹ ਵੱਲੋਂ ਲੋਕਾਂ ਦੀ ''ਜੇ ...?'' ਦੇ ਸਵਾਲਾਂ ਦਾ ਜਵਾਬ ਦਿੱਤੇ ਜਾਣ ਤੋਂ ਪਹਿਲਾਂ ਉਹਨੇ ਉਸ ਬੁਨਿਆਦੀ ਨਿਯਮ ਦਾ ਐਲਾਨ ਕਰ ਦਿੱਤਾ ਜਿਸ ਨਾਲ ਇਨ੍ਹਾਂ ਨਿਯਮਾਂ ਨੂੰ ਮੰਨਿਆ ਜਾਣਾ ਸੀ। ਅਧਿਆਇ ਦੇ ਇਸ ਭਾਗ ਦੇ ਵਿਚਲੇ ਨਿਯਮਾਂ ਨੂੰ ਆਇਤ 17 ਦੀ ਸਜਾਵਟੀ ਨਿਯਮ ਦੀ ਰੌਸ਼ਨੀ ਵਿਚ ਸਮਝਿਆ ਜਾਣਾ ਚਾਹੀਦਾ ਹੈ: ਉਨ੍ਹਾਂ ਨੇ ''ਆਪਣੇ ਪਰਮੇਸ਼ੁਰ ਤੋਂ *[ਡਰਨਾ]*'' ਸੀ ਅਤੇ ''ਇਕ ਦੂਜੇ ਨੂੰ ਦੁੱਖ ਨਾ ਦੇਣਾ'' ਸੀ।

**ਆਇਤ 13.** ਯਹੋਵਾਹ ਨੇ **ਅਨੰਦ ਦੇ ਵਰ੍ਹੇ** ਦਾ ਮੁੱਖ ਮਕਸਦ ਨੂੰ ਦੱਸਣ ਦੇ ਨਾਲ ਸ਼ੁਰੂਆਤ ਕੀਤੀ: **ਤੁਸਾਂ ਸਭਨਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਣਾ।** ਇਸਰਾਏਲੀਆਂ ਵੱਲੋਂ ਕਨਾਨ ਦੇਸ ਉੱਤੇ ਫ਼ਤਹਿ ਪਾ ਲੈਣ ਤੋਂ ਬਾਅਦ ਇਸ ਨੂੰ ਬਾਰਾਂ ਗੋਤਰਾਂ ਵਿਚ ਵੰਡਿਆ ਗਿਆ। ਗੋਤਰਾਂ ਦੇ ਅੰਦਰ ਹਰ ਪਰਿਵਾਰ ਨੂੰ ਜ਼ਮੀਨ ਦਾ ਹਿੱਸਾ ਮਿਰਾਸ ਦੇ ਰੂਪ ਵਿਚ ਮਿਲਿਆ। ਇਸ ਨਿਯਮ ਦਾ ਮਕਸਦ ਇਹ ਯਕੀਨੀ ਬਣਾਉਣਾ ਸੀ ਕਿ ਹਰ ਪਰਿਵਾਰ ਵਾਅਦੇ ਦੀ ਧਰਤੀ ਵਿਚ ਇਸਰਾਏਲੀਆਂ ਨੂੰ ਵੱਸ ਜਾਣ ਵੇਲੇ ਮਿਲੀ ਵਿਰਾਸਤ ਨੂੰ ਕਾਇਮ ਰੱਖੇ। ਇਸ ਕਰਕੇ ਜੇ ਕਿਸੇ ਪਰਿਵਾਰ ਨੇ ਆਪਣੀ ਜ਼ਮੀਨ ਵੇਚ ਦਿੱਤੀ ਹੋਵੇ, ਤਾਂ ਅਨੰਦ ਦੇ ਵਰ੍ਹੇ ਵਿਚ ਉਸ ਦੀ ਮਿਰਾਸ ਉਹਨੂੰ ਮੋੜ ਦਿੱਤੀ ਜਾਣੀ ਹੁੰਦੀ ਸੀ।

**ਆਇਤਾਂ 14-16.** ਜੇ ਕਿਸੇ ਇਸਰਾਏਲੀ ਨੇ ਆਪਣੀ ਜ਼ਮੀਨ ਵੇਚ ਦਿੱਤੀ ਹੋਵੇ ਤਾਂ ਉਹਦੇ ਅਤੇ ਜਿਸ ਨੇ ਉਸ ਕੋਲੋਂ ਖ਼ਰੀਦੀ ਹੋਵੇ ਦੋਹਾਂ ਲਈ ਇਸ ਨਿਯਮ ਨੂੰ ਮੰਨਣਾ ਜ਼ਰੂਰੀ ਸੀ: **ਤੁਸਾਂ ਇਕ ਦੂਜੇ ਨੂੰ ਦੁਖ ਨਾ ਦੇਣਾ** (25:14)। ਇਕ ਦੂਜੇ ਨੂੰ ਦੁੱਖ ਦੇਣ ਦੀ ਸੰਭਾਵਨਾ ਵਿਚ ਅਗਲੀਆਂ ਦੋ ਆਇਤਾਂ ਵਿਚ ਸਮਝਾਇਆ ਗਿਆ ਦੋਸ਼ ਸ਼ਾਮਲ ਹੈ। ਜੇ ਕਿਸੇ ਇਸਰਾਏਲੀ ਨੇ ਅਨੰਦ ਤੋਂ ਦਸ ਸਾਲ ਪਹਿਲਾਂ ਕਿਸੇ ਹੋਰ ਇਸਰਾਏਲੀ ਨੂੰ ਪੂਰੀ ਕੀਮਤ ਤੇ ਆਪਣੀ ਪੱਤੀ ਜਾਂ ਜਾਇਦਾਦ ਵੇਚ ਦਿੱਤੀ ਹੋਵੇ ਅਤੇ ਅਨੰਦ ਦੇ ਵਰ੍ਹੇ ਇਸ ਉੱਤੇ ਦਾਅਵਾ ਕਰ ਦਵੇ ਤਾਂ ਇਹ ਖ਼ਰੀਦਣ ਵਾਲੇ ਨੂੰ ਦੁੱਖ ਦਿੱਤਾ ਜਾਣਾ ਸੀ। ਅਜਿਹਾ ਹੋਣ ਤੋਂ ਰੋਕਣ ਲਈ ਖਰੀਦਾਰ ਅਤੇ ਵੇਚਣ ਵਾਲੇ ਲਈ ਜ਼ਮੀਨ ਦੀ ਕੀਮਤ ਉੱਤੇ ਸਹਿਮਤ ਹੋਣਾ ਜ਼ਰੂਰੀ ਸੀ।

ਅਜਿਹਾ ਹੋਣ ਤੋਂ ਰੋਕਣ ਲਈ ਪੰਜਾਹ ਸਾਲਾਂ ਦੌਰਾਨ ਉਸ ਵਿਚ ਹੋਣ ਵਾਲੀ **ਖੱਟੀ** ਨੂੰ ਧਿਆਨ

ਵਿਚ ਰੱਖ ਕੇ ਖਰੀਦਦਾਰ ਅਤੇ ਵੇਚਣ ਵਾਲੇ ਲਈ ਜ਼ਮੀਨ ਦੀ ਕੀਮਤ ਤੇ ਸਹਿਮਤ ਹੋਣਾ ਜ਼ਰੂਰੀ ਸੀ। ਫਿਰ ਖਰੀਦਾਰ ਨੇ ਉਸ ਕੀਮਤ ਦਾ ਹਿੱਸਾ ਅਗਲੇ ਅਨੰਦ ਦੇ ਵਰ੍ਹੇ ਤਕ ਰਹਿ ਗਏ **ਵਰ੍ਹਿਆਂ** ਦੇ ਅਧਾਰ ਤੇ ਦੇਣਾ ਹੁੰਦਾ ਸੀ (25: 15, 16)। ਬੇਸ਼ੱਕ ਇਹ ਅਸਲ ਵਿਚ ''ਖਰੀਦਦਾਰ'' ਆਪਣੀ ਨਹੀਂ ਸੀ; ਬਲਕਿ ਉਹਨੇ ਅਨੰਦ ਦੇ ਅਗਲੇ ਵਰ੍ਹੇ ਤੀਕ ਉਸ ਵਿਚ ਫ਼ਸਲ ਬੀਜਣ ਵਾਸਤੇ ਉਸ ਦੇ ਪੱਕੇ ਮਾਲਕ ਨੂੰ ਕੀਮਤ ਚੁਕਾਈ ਸੀ। ਉਸ ਦੀ ''ਮਲਕੀਅਤ'' ਜ਼ਮੀਨ ਦੀ ਮਾਲਕੀ ਖ਼ਰੀਦਣ ਦੀ ਬਜਾਇ ਲੰਮੇ ਵਕਫ਼ੇ ਲਈ ਲੀਜ਼ ਤੇ ਲੈਣ ਵਾਂਗ ਸੀ।

ਇਸ ਤਰ੍ਹਾਂ ਨਾਲ ਇਹ ਨਿਯਮ ਦੇਸ਼ ਦੇ ਬਾਸ਼ਿੰਦਿਆਂ ਵਿਚਕਾਰ ਆਰਥਿਕ ਮੱਤਭੇਦਾਂ ਨੂੰ ਘਟਾਉਂਦਾ ਸੀ। ਪੁਰਾਣੇ ਜ਼ਮਾਨੇ ਵਿਚ ਦੌਲਤ ਜਮ੍ਹਾ ਕਰਨ ਨੂੰ ਆਮ ਤੌਰ ਤੇ ਜ਼ਮੀਨ ਉੱਤੇ ਕਬਜ਼ਾ ਕਰਨ ਅਤੇ ਉਹਨੂੰ ਜੋੜਨ ਨਾਲ ਜੋੜਿਆ ਜਾਂਦਾ ਸੀ। ਦੌਲਤਮੰਦ ਪਰਿਵਾਰਾਂ ਕੋਲ ਵੱਡੀਆਂ ਵੱਡੀਆਂ ਜਗੀਰਾਂ ਹੁੰਦੀਆਂ ਸਨ। ਇਸ ਨਿਯਮ ਨਾਲ ਉਨ੍ਹਾਂ ਨੂੰ ਵੱਡੇ–ਵੱਡੇ ਕਿੱਲੇ ਜਮ੍ਹਾ ਕਰਨ ਤੋਂ ਰੋਕ ਲਗਦੀ ਹੋਵੇਗੀ। ਇਸ ਕਰਕੇ ਇਸ ਨਾਲ ਇਸਰਾਏਲੀ ਸਮਾਜ ਵਿਚ ਵੱਡੀ ਬਰਾਬਰੀ ਸੀ।

**ਆਇਤ 17.** ਇਸ ਹਵਾਲੇ ਦੀ ਆਖ਼ਰੀ ਆਇਤ ਵਿਚ ਇਸਰਾਏਲੀਆਂ ਨੂੰ ਜ਼ਮੀਨ ਵੇਚਣ ਅਤੇ ਖ਼ਰੀਦਣ ਵੇਲੇ ਇਕ ਦੂਜੇ ਨਾਲ ਈਮਾਨਦਾਰੀ ਨਾਲ ਪੇਸ਼ ਆਉਣ ਦੇ ਤਿੰਨ ਕਾਰਣ ਮਿਲਦੇ ਹਨ। (1) ਉਨ੍ਹਾਂ ਨੂੰ ਹੁਕਮ ਸੀ ਕਿ **ਤੁਸਾਂ ਇਕ ਦੂਜੇ ਨੂੰ ਦੁੱਖ ਨਾ ਦੇਣਾ।** (2) **ਪਰਮੇਸ਼ੁਰ ਦਾ ਡਰ** ਉਨ੍ਹਾਂ ਨੂੰ ਹੁਕਮ ਮੰਨਣ ਲਈ ਉਕਸਾਉਂਦਾ ਹੋਵੇਗਾ। ਖ਼ੁਦਾ ਨੂੰ ਗ਼ਰੀਬਾਂ ਦੀ ਚਿੰਤਾ ਸੀ। ਦੂਜਿਆਂ ਨਾਲ ਬਦਸਲੂਕੀ ਕਰਨ ਜਾਂ ਕਿਸੇ ਦਾ ਫ਼ਾਇਦਾ ਚੁੱਕਣ ਵਾਲਾ ਕੋਈ ਵੀ (ਭਾਵੇਂ ਉਨ੍ਹਾਂ ਵੱਲੋਂ ਦੁਖੀ ਹੋਇਆ ਵਿਅਕਤੀ ਖ਼ਰੀਦਾਰ ਹੋਵੇ ਜਾਂ ਵੇਚਣ ਵਾਲਾ), ਖ਼ਾਸ ਕਰਕੇ ਜਿਹੜਾ ਗ਼ਰੀਬ ਹੋਵੇ, ਖ਼ੁਦਾ ਵੱਲੋਂ ਸਜ਼ਾ ਦਿੱਤੀ ਜਾਣ ਦਾ ਖ਼ਤਰਾ ਉਸ ਉੱਤੇ ਸੀ। (3) **ਯਹੋਵਾਹ** ਉਨ੍ਹਾਂ ਦਾ **ਪਰਮੇਸ਼ੁਰ** ਸੀ। ਇਸ ਕਰਕੇ ਉਨ੍ਹਾਂ ਵਾਸਤੇ ਉਹਦਾ ਆਦਰ ਕਰਨਾ ਅਤੇ ਉਹਦੀ ਗੱਲ ਮੰਨਣਾ ਜ਼ਰੂਰੀ ਸੀ; ਅਤੇ ਇਸ ਵਿਚ ਗ਼ਰੀਬਾਂ ਉੱਤੇ ਰਹਿਮ ਕਰਨਾ ਸ਼ਾਮਲ ਸੀ ਜਿਵੇਂ ਯਹੋਵਾਹ ਨੇ ਕੀਤਾ ਸੀ।

ਮੰਨੇ ਜਾਣ ਦੇ ਨਿਯਮ ਪਰਮੇਸ਼ੁਰ ਦੇ ਲੋਕਾਂ ਨੂੰ ਇਹ ਯਕੀਨੀ ਬਨਾਉਣ ਵਿਚ ਮਦਦ ਕਰਨ ਲਈ ਸਨ ਕਿ ਉਨ੍ਹਾਂ ਨੇ ਅਨੰਦ ਦੇ ਵਰ੍ਹੇ ਨਾਲ ਸੰਬਧਿਤ ਆਪਣੇ ਕਾਰੋਬਾਰੀ ਸੌਦਿਆਂ ਦੇ ਸਬੰਧ ਵਿਚ ''ਇਕ ਦੂਜੇ ਨੂੰ ਦੁੱਖ'' ਨਹੀਂ ਦਿੱਤਾ। ਉਨ੍ਹਾਂ ਨੇ ਆਪਣੇ ਕਾਰੋਬਾਰ ਨੂੰ ਇਸ ਤਰੀਕੇ ਨਾਲ ਕਰਨਾ ਸੀ ਜਿਸ ਨਾਲ ਇਹ ਪਤਾ ਲੱਗੇ ਕਿ ਉਹ ਯਹੋਵਾਹ ਤੋਂ ਡਰਦੇ ਹਨ ਅਤੇ ਉਹਨੂੰ ਆਪਣਾ ਖ਼ੁਦਾ ਮੰਨਦੇ ਹਨ।

## ਹੁਕਮ ਅਤੇ ਵਾਅਦੇ (25: 18-22)

**18ਸੋ ਤੁਸਾਂ ਮੇਰੀਆਂ ਬਿਧਾਂ ਪੂਰੀਆਂ ਕਰਨਾ, ਅਤੇ ਮੇਰਿਆਂ ਨਿਆਵਾਂ ਨੂੰ ਮੰਨਕੇ ਪੂਰਿਆਂ ਕਰਨਾ,**
**ਫਿਰ ਤੁਸੀਂ ਦੇਸ ਵਿੱਚ ਸੁਖ ਸਾਂਦ ਨਾਲ ਰਹੋਗੇ 19ਅਤੇ ਉਹ ਦੇਸ ਆਪਣਾ ਫਲ ਉਗਾਵੇਗਾ ਅਤੇ ਤੁਸੀਂ**
**ਰੱਜ ਕੇ ਖਾਓਗੇ ਅਤੇ ਤੁਸੀਂ ਉਸ ਦੇਸ ਵਿੱਚ ਸੁਖ ਸਾਂਦ ਨਾਲ ਰਹੋਗੇ 20ਅਤੇ ਜੇ ਕਦੀ ਤੁਸੀਂ ਆਖੋ ਭਈ**
**ਸੱਤਵੇਂ ਵਰਿਹੇ ਨੂੰ ਅਸੀਂ ਕੀ ਖਾਵਾਂਗੇ, ਵੇਖੋ, ਅਸੀਂ ਬੀਜਾਂਗੇ ਨਹੀਂ, ਨਾ ਅਸੀਂ ਅੰਨ ਸਾਂਭਾਂਗੇ 21ਤਦ**
**ਮੈਂ ਤੁਹਾਡੇ ਉੱਤੇ ਛੇਵੇਂ ਵਰਹੇ ਵਿੱਚ ਵਰ ਪਾਵਾਂਗਾ ਅਤੇ ਉਹ ਤਿਨਾਂ ਵਰਿਹਾਂ ਦੇ ਲਈ ਫਲ ਉਗਾਵੇਗਾ**
**22ਅਤੇ ਤੁਸਾਂ ਅਠਵੇਂ ਵਰਹੇ ਵਿੱਚ ਬੀਜਣਾ ਅਤੇ ਨੌਵੇਂ ਵਰਹੇ ਤੀਕੁਰ ਅਜੇ ਪਹਿਲੇ ਹੀ ਫਲ ਖਾਂਦੇ ਹੋਵੋਗੇ।**
**ਜਦ ਤੋੜੀ ਉਸ ਦੇ ਫਲ ਨਾ ਆਉਣ ਤਦ ਤੋੜੀ ਤੁਸੀਂ ਪੁਰਾਣੇ ਤੋਂ ਖਾਂਦੇ ਰਹੋਗੇ।**

ਅਨੰਦ ਨਾਲ ਸਬੰਧਿਤ ਵਾਧੂ ਨਿਯਮ ਦੇਣ ਲੱਗਿਆਂ ਯਹੋਵਾਹ ਨੇ ਹੁਕਮ ਜਾਰੀ ਕੀਤਾ (25: 18) ਅਤੇ ਲੋਕਾਂ ਨੂੰ ਇਸ ਨੂੰ ਮੰਨਣ ਲਈ ਦਲੇਰ ਕਰਨ ਲਈ ਖੁੱਲ੍ਹਦਿਲੀ ਵਾਲੇ ਵਾਅਦੇ ਦਿੱਤੇ (25: 19–22)।

**ਆਇਤ 18.** ਯਹੋਵਾਹ ਨੇ ਆਪਣੇ ਸੁਣਨ ਵਾਲਿਆਂ ਨੂੰ ਉਸ ਦਾ ਵਚਨ ਮੰਨਣ ਦੀ ਤਕੀਦ ਕੀਤੀ। ਉਹਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ **ਮੇਰੀਆਂ ਬਿਧਾਂ ਪੂਰੀਆਂ ਕਰਨਾ ਅਤੇ ਮੇਰੇ ਨਿਆਵਾਂ ਨੂੰ ਮੰਨ ਕੇ ਪੂਰਾ ਕਰਨਾ**। ਖ਼ੁਦਾ ਆਪਣੇ ਹੁਕਮਾਂ ਨੂੰ ਮਨਵਾਉਣਾ ਚਾਹੁੰਦਾ ਸੀ। ਉਹਨੇ ਆਪਣੇ ਲੋਕਾਂ ਨੂੰ ਉਸ ਦੀ ਗੱਲ ਮੰਨਣ ਲਈ ਦਲੇਰੀ ਦਿੱਤੀ। ਇਸ ਨਾਲ ਉਹਨੇ ਤਿੰਨ ਵਾਅਦੇ ਕੀਤੇ।

ਯਹੋਵਾਹ ਵੱਲੋਂ ਇਸਰਾਏਲੀਆਂ ਨੂੰ ਇਨ੍ਹਾਂ ਨਿਯਮਾਂ ਨੂੰ ਮੰਨਣ ਦੀ ਪ੍ਰੇਰਣਾ ਦੇਣ ਲਈ ਵਰਤਿਆ ਗਿਆ ਪਹਿਲਾ ਵਾਅਦਾ ਕਨਾਨ ਵਿਚ ਸੁਰੱਖਿਆ ਸੀ। ਜੇ ਉਹ ਉਸ ਦੀ ਗੱਲ ਮੰਨਦੇ ਤਾਂ ਉਨ੍ਹਾਂ **ਦੇਸ ਵਿਚ ਸੁਖ ਸਾਂਦ ਨਾਲ** ਰਹਿ ਸਕਣਾ ਸੀ ਜਿਹੜਾ ਉਹ ਉਨ੍ਹਾਂ ਨੂੰ ਦੇਣ ਵਾਲਾ ਸੀ। ਇਸ ਵਾਅਦੇ ਦੇ ਅੰਦਰ ਵਿਨਾਸ਼ ਕਰਨ ਵਾਲੀਆਂ ਸ਼ਕਤੀਆਂ ਤੋਂ ਬਚਾਅ ਅਤੇ ਖੇਤੀਬਾੜੀ ਦੇ ਕੰਮਾਂ ਵਿਚ ਸਫ਼ਲਤਾ ਸ਼ਾਮਲ ਸੀ।

**ਆਇਤ 19.** ਨਾਲੇ ਜੇ ਇਸਰਾਏਲੀ ਉਸ ਦੀ ਗੱਲ ਮੰਨਦੇ ਤਾਂ ਉਨ੍ਹਾਂ ਨੂੰ ਫ਼ਸਲ ਦੀ ਬਹੁਤਾਇਤ ਮਿਲਣੀ ਸੀ ਜਿਸ ਕਰਕੇ ਇਸ ਵਿਚ ਉਨ੍ਹਾਂ ਨੇ **ਰੱਜ ਕੇ ਖਾ** ਸਕਣਾ ਅਤੇ **ਸੁਖ ਸਾਂਦ ਨਾਲ** ਰਹਿ ਸਕਣਾ ਸੀ।

**ਆਇਤਾਂ 20-22.** ਤੀਜਾ, ਖ਼ੁਦਾ ਨੇ ਇਸਰਾਏਲੀਆਂ ਲਈ ਇੰਤਜ਼ਾਮ ਕਰਨ ਦਾ ਵਾਅਦਾ ਕੀਤਾ ਤਾਂ ਜੋ ਉਨ੍ਹਾਂ ਨੂੰ ਸੱਬਤ ਦਾ ਵਰ੍ਹਾ ਮਨਾਉਣ ਦੇ ਕਾਰਣ ਕਿਸੇ ਤਰ੍ਹਾਂ ਦੀ ਕਮੀ ਨਾ ਆਵੇ।

ਖ਼ੁਦਾ ਨੂੰ ਇਸ ਗੱਲ ਦੀ ਸਮਝ ਸੀ ਕਿ ਵਫ਼ਾਦਾਰ ਇਸਰਾਏਲੀ ਵੀ ਸਵਾਲ ਉਠਾ ਸਕਦੇ ਹਨ ਕਿ ਉਨ੍ਹਾਂ ਨੂੰ ਇਹ ਨਿਯਮ ਕਿਉਂ ਦਿੱਤੇ ਗਏ। ਉਹ ਪੁੱਛ ਸਕਦੇ ਹਨ, **ਸੱਤਵੇਂ ਵਰਹੇ ਨੂੰ ਅਸੀਂ ਕੀ ਖਾਵਾਂਗੇ, ਵੇਖੋ, ਅਸੀਂ ਬੀਜਾਂਗੇ ਨਹੀਂ, ਨਾ ਅਸੀਂ ਅੰਨ ਸਾਂਭਾਂਗੇ** (25:20)। ਅਨੰਦ ਦਾ ਵਰ੍ਹਾ ਨੇੜੇ ਆ ਜਾਣ ਤੇ ਇਹ ਸਵਾਲ ਹੋਰ ਵੀ ਗਹਿਰਾ ਹੋ ਜਾਣਾ ਸੀ, ਕਿਉਂ ਜੋ ਇਹ ਨਾਲ–ਨਾਲ ਸੱਬਤ ਦੇ ਦੋ ਵਰ੍ਹੇ ਮਨਾਉਣ ਵਾਸਤੇ ਆਖਦਾ ਸੀ। ਇੱਥੇ ਯਹੋਵਾਹ ਦਾ ਵਾਅਦਾ ਇਹ ਸੀ ਕਿ **ਛੇਵੇਂ ਵਰਹੇ** ਲੋਕਾਂ ਨੂੰ ਐਨੀ ਕੁ ਫ਼ਸਲ ਮਿਲ ਜਾਵੇਗੀ ਜਿਹੜੀ **ਤਿੰਨਾਂ ਵਰਿਹਾਂ ਦੇ ਲਈ** ਕਾਫ਼ੀ ਹੋਵੇ (25:21), ਉਨ੍ਹਾਂ ਕੋਲ **ਅਠਵੇਂ ਵਰਹੇ** ਬੀਜੀ ਫ਼ਸਲ ਵਿੱਚੋਂ **ਨੌਵੇਂ ਵਰਹੇ** ਵਿਚ ਫਲ ਖਾਣ ਲਈ ਬਚ ਜਾਣਾ ਸੀ (25:22)।

ਇਹ ਵਾਅਦਾ ਅਮਲ ਵਿਚ ਕਿਵੇਂ ਆਉਣਾ ਸੀ ਸਮਝਣਾ ਮੁਸ਼ਕਿਲ ਹੋ ਸਕਦਾ ਹੈ। ਟੀਕਾਕਾਰਾਂ ਨੇ ਇਹ ਸੁਝਾਅ ਦਿੰਦਿਆਂ ਕਿ ਇਨ੍ਹਾਂ ਆਇਤਾਂ ਵਿਚ ਸਾਲ (''ਛੇਵਾਂ,'' ''ਸਤਵਾਂ,'' ''ਅਠਵਾਂ,'' ਅਤੇ ''ਨੌਵਾਂ'') ਬਸੰਤ ਦੀ ਰੁੱਤੇ ਸਾਲ ਦੀ ਸ਼ੁਰੂਆਤ ਕਰਦਿਆਂ ਪਵਿੱਤਰ ਕਲੰਡਰ ਦੇ ਮੁਤਾਬਿਕ ਹਨ, ਜਦ ਕਿ ਸੱਬਤ ਦਾ ਵਰ੍ਹਾ ਅਤੇ ਅਨੰਦ ਦਾ ਵਰ੍ਹਾ ਸਾਲ ਦੇ ਪੱਤਝੜ ਤੋਂ ਸ਼ੁਰੂ ਹੁੰਦੇ ਹਨ।

*ਪੰਜਵਾਂ (ਪਵਿੱਤਰ) ਵਰ੍ਹਾ*
- ਪੱਤਝੜ – ਛੇਵੇਂ ਵਰ੍ਹੇ ਲਈ ਬਿਜਾਈ।

*ਛੇਵਾਂ (ਪਵਿੱਤਰ) ਵਰ੍ਹਾ*
- ਬਸੰਤ – ਤਿੰਨ ਸਾਲਾਂ ਵਿਚ ਵਾਧੂ ਫ਼ਸਲ।
- ਪੱਤਝੜ (ਸੱਬਤ ਦੇ ਵਰ੍ਹੇ ਦਾ ਅਰੰਭ) – ਕੋਈ ਬਿਜਾਈ ਨਹੀਂ।

*ਸਤਵਾਂ (ਪਵਿੱਤਰ) ਵਰ੍ਹਾ*
- ਬਸੰਤ (ਸੱਬਤ ਦੇ ਵਰ੍ਹੇ ਦਾ ਅੰਤ) – ਕੋਈ ਵਾਢੀ ਨਹੀਂ, ਤਿੰਨ ਸਾਲਾਂ ਦੀ ਫ਼ਸਲ ਨੂੰ ਪਹਿਲਾਂ ਖਾਣਾ।
- ਪੱਤਝੜ (ਅਨੰਦ ਦੇ ਵਰ੍ਹੇ ਦਾ ਅਰੰਭ) – ਕੋਈ ਬਿਜਾਈ ਨਹੀਂ।

*ਅਠਵਾਂ (ਪਵਿੱਤਰ ਵਰ੍ਹਾ)*
- ਅਨੰਦ ਦੇ ਵਰ੍ਹੇ ਦਾ ਅੰਤ – ਕੋਈ ਵਾਢੀ ਨਹੀਂ, ਤਿੰਨ ਸਾਲਾਂ ਦੀ ਫ਼ਸਲ ਵਿੱਚੋਂ ਦੂਜੇ ਭਾਗ ਵਿੱਚੋਂ ਖਾਣਾ।
- ਪੱਤਝੜ (ਸੱਬਤ ਦੇ ਵਰ੍ਹੇ ਦੇ ਬਾਅਦ ਦਾ ਪਹਿਲਾ ਵਰ੍ਹਾ ਅਤੇ ਅਨੰਦ ਦਾ ਵਰ੍ਹਾ) – ਵਾਢੀ

ਲਈ ਅਨਾਜ ਦੀ ਬਿਜਾਈ।

*ਨੌਵਾਂ (ਪਵਿੱਤਰ) ਵਰ੍ਹਾ*

ਬਸੰਤ – ਫ਼ਸਲਾਂ ਦੀ ਵਾਢੀ। ਵਾਢੀ ਤਕ ਤਿੰਨ ਸਾਲਾਂ ਦੀ ਬਚੀ ਫ਼ਸਲ ਵਿੱਚੋਂ ਖਾਣਾ।[6]

ਇਸ ਤਰ੍ਹਾਂ ਨਾਲ ''ਛੇਵੇਂ ਵਰ੍ਹੇ'' ਤੋਂ ਹੋਣ ਵਾਲੀ ਵਾਧੂ ਫ਼ਸਲ ਦੋ ਸਾਲਾਂ ਅਤੇ ਤੀਜੇ ਸਾਲ ਦੇ ਕੁਝ ਹਿੱਸੇ ਲਈ ਲੋਕਾਂ ਵਾਸਤੇ ਕਾਫ਼ੀ ਹੁੰਦੀ। ਇਸ ਵਾਧੇ ਦੇ ਕਰਕੇ ਲੋਕ ਇਹ ਯਕੀਨ ਕਰ ਸਕਦੇ ਸਨ ਕਿ ਉਹ ਭੁੱਖੇ ਨਹੀਂ ਮਰਨਗੇ, ਭਾਵੇਂ ਅਨੰਦ ਦਾ ਵਰ੍ਹਾ ਸੱਬਤ ਦੇ ਵਰ੍ਹੇ ਦੇ ਬਾਅਦ ਆਉਂਦਾ ਸੀ।

### ਜ਼ਮੀਨ ਵੇਚਣਾ (25:23-28)

**23ਧਰਤੀ ਸਦਾ ਦੇ ਲਈ ਵੇਚੀ ਨਾ ਜਾਏ ਕਿਉਂ ਜੋ ਧਰਤੀ ਮੇਰੀ ਹੈ ਕਿਉਂ ਜੋ ਤੁਸੀਂ ਓਪਰੇ ਅਤੇ ਪਰਾਹੁਣੇ ਮੇਰੇ ਕੋਲ ਹੋ 24ਅਤੇ ਤੁਹਾਡੀ ਪੱਤੀ ਦੀ ਸਾਰੀ ਧਰਤੀ ਵਿੱਚ ਤੁਸਾਂ ਧਰਤੀ ਦਾ ਮੁੜਾਉਣਾ ਮੰਨ ਲੈਣਾ। 25ਜੇ ਕਦੀ ਤੇਰਾ ਭਰਾ ਕੰਗਾਲ ਬਣ ਜਾਏ ਅਤੇ ਆਪਣੀ ਪੱਤੀ ਤੋਂ ਕੁਝ ਵੇਚ ਸੁੱਟੀ ਹੋਵੇ ਅਤੇ ਜੇ ਕਦੀ ਉਸ ਦਿਆਂ ਸਾਕਾਂ ਵਿੱਚੋਂ ਕੋਈ ਜਣਾ ਉਸ ਨੂੰ ਮੁੜਾਉਣ ਆਵੇ ਅਤੇ ਜੋ ਉਸ ਦੇ ਭਰਾ ਨੇ ਵੇਚ ਸੁੱਟੀ ਤਾਂ ਉਸ ਨੂੰ ਜਰੂਰ ਮੋੜ ਲਵੇ 26ਅਤੇ ਜੇ ਉਸ ਜਣੇ ਦਾ ਕੋਈ ਮੁੜਾਉਣ ਵਾਲਾ ਨਾ ਹੋਵੇ ਅਤੇ ਉਹ ਆਪ ਉਸ ਨੂੰ ਮੋੜਣ ਜੋਗਾ ਬਣੇ 27ਤਦ ਉਹ ਉਸ ਦੇ ਵੇਚਣ ਦੇ ਵੇਲੇ ਤੋਂ ਜਿਤਨੇ ਵਰਹੇ ਬੀਤੇ ਗਿਣ ਲਵੇ ਅਤੇ ਜਿਸ ਦੇ ਕੋਲ ਉਸ ਨੇ ਵੇਚੀ ਸੀ ਉਸ ਜਣੇ ਨੂੰ ਉਤਨਾ ਵਾਧੂ ਦੇ ਦੇਵੇ ਭਈ ਉਹ ਆਪਣੀ ਪੱਤੀ ਵਿੱਚ ਫੇਰ ਮੁੜ ਆਵੇ 28ਪਰ ਜੇ ਕਦੀ ਉਹ ਉਸ ਨੂੰ ਮੋੜਨ ਜੋਗਾ ਨਹੀਂ ਹੈ ਤਾਂ ਜੋ ਵੇਚੀ ਹੋਈ ਹੈ ਮੁੱਲ ਲੈਣ ਵਾਲੇ ਦੇ ਹੱਥ ਵਿੱਚ ਅਨੰਦ ਦੇ ਵਰਹੇ ਤੋੜੀ ਰਹੇਗੀ ਅਤੇ ਅਨੰਦ ਦੇ ਵਿੱਚ ਉਹ ਛੁੱਟ ਜਾਏਗੀ ਅਤੇ ਉਸ ਦੀ ਪੱਤੀ ਉਸ ਨੂੰ ਮਿਲ ਜਾਏਗੀ।**

ਇਸ ਭਾਗ ਵਿਚ ਯਹੋਵਾਹ ਨੇ ਇਸ ਸਵਾਲ ਨਾਲ ਨਜਿੱਠਿਆ: ''ਜ਼ਮੀਨ ਦੀ ਮਲਕੀਅਤ ਉਨ੍ਹਾਂ ਵੱਲੋਂ ਕਿਵੇਂ ਬਰਕਰਾਰ ਰੱਖੀ ਜਾਵੇ ਜਿਨ੍ਹਾਂ ਨੂੰ ਇਹ ਸ਼ੁਰੂ ਵਿਚ ਦਿੱਤੀ ਗਈ ਸੀ?''

**ਆਇਤ 23.** ਇਸ ਆਇਤ ਦੀ ਸ਼ੁਰੂਆਤ ਇਸ ਬੁਨਿਆਦੀ ਸਚਿਆਈ ਨੂੰ ਦੱਸਣ ਨਾਲ ਹੁੰਦੀ ਹੈ ਜ਼ਮੀਨ ਨੂੰ ਖ਼ਰੀਦਣ ਅਤੇ ਵੇਚਣ ਦਾ ਕਾਨੂੰਨ ਇਸ ਗੱਲ ਤੇ ਅਧਾਰਿਤ ਸੀ ਕਿ ਸਾਰੀ **ਧਰਤੀ** ਦਾ ਮਾਲਕ ਖ਼ੁਦਾ ਹੀ ਹੈ! ਅਸਲ ਵਿਚ ਉਨ੍ਹਾਂ ਦੇ ਕਨਾਨ ਵਿਚ ਵੜਨ ਤੋਂ ਬਾਅਦ ਵੀ ਖ਼ੁਦਾ ਦੇ ਲੋਕਾਂ ਲਈ ਆਪਣੇ ਆਪ ਨੂੰ ਧਰਤੀ ਉੱਤੇ **ਓਪਰੇ ਅਤੇ ਪਰਾਹੁਣੇ** ਨਾਲੋਂ ਵੱਧ ਨਹੀਂ ਮੰਨਿਆ ਜਾਣਾ ਸੀ। ਉਹ ਪੱਕੇ ਵਾਸੀ ਨਹੀਂ ਸਨ। ਉਹ ਸਿਰਫ਼ ਆਰਜ਼ੀ ਤੌਰ ਤੇ ਰਹਿੰਦੇ ਸਨ। ਇਸ ਕਰਕੇ ਕੋਈ ਵੀ ਜ਼ਮੀਨ **ਸਦਾ ਦੇ ਲਈ ਵੇਚੀ** ਨਹੀਂ ਜਾਣੀ ਸੀ।

**ਆਇਤ 24. ਧਰਤੀ** ਯਹੋਵਾਹ ਦੀ ਸੀ, ਇਸ ਕਰਕੇ ਉਹਨੂੰ ਇਹ ਦੱਸਣ ਦਾ ਇਖ਼ਤਿਆਰ ਸੀ ਕਿ ਇਸ ਨਾਲ ਕੀ ਕੀਤਾ ਜਾਵੇ। ਉਹਦੀ ਮਰਜ਼ੀ ਸੀ ਕਿ ਇਸਰਾਏਲੀਆਂ ਵੱਲੋਂ ਸ਼ੁਰੂ ਵਿਚ ਕਨਾਨ ਉੱਤੇ ਫ਼ਤਹਿ ਪਾਉਣ ਵੇਲੇ ਜ਼ਮੀਨ ਦੀ ਵੰਡ ਹੁੰਦੀ ਰਹੇ। ਇਹਦਾ ਮਤਲਬ ਇਹ ਸੀ ਕਿ ਕੋਈ ਵੀ ਸ਼ਖ਼ਸ ਜਿਸ ਨੇ ਇਸਰਾਏਲ ਵਿਚ ਜ਼ਮੀਨ ਖ਼ਰੀਦੀ ਹੋਵੇ ਯੋਗ ਵਿਅਕਤੀ ਵੱਲੋਂ ਇਸ ਨੂੰ ਛੁਡਾਉਣ ਜਾਂ ਵਾਪਸ ਖ਼ਰੀਦੇ ਜਾਣ ਦੀ ਪੇਸ਼ਕਸ਼ ਕੀਤੇ ਜਾਣ ਤੇ ਉਸ ਦੇ ਸਪੁਰਦ ਕਰ ਦੇਣ ਲਈ ਤਿਆਰ ਹੋਵੇ।

ਇਸ ਨੂੰ ਕੌਣ ਛੁਡਾ ਸਕਦਾ ਸੀ ਅਤੇ ਕਿਸ ਹਾਲਤ ਵਿਚ ਛੁਡਾ ਸਕਦਾ ਸੀ? ਜੇ ਜ਼ਮੀਨ ਨਾ ਛੁਡਾਈ ਜਾਵੇ ਤਾਂ ਕੀ ਹੋਣਾ ਸੀ? ਅਗਲੀਆਂ ਚਾਰ ਆਇਤਾਂ ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦੀਆਂ ਹਨ।

**ਆਇਤ 25.** ਵਚਨ ਦੱਸਦਾ ਹੈ ਕਿ ਕਿਸੇ ਦੀ **ਪੱਤੀ** ਕਿਸੇ ਹੋਰ ਨੂੰ ਕਿਵੇਂ ਵੇਚੀ ਜਾ ਸਕਦੀ ਸੀ। ਜੇ ਉਹ ਬਹੁਤ **ਕੰਗਾਲ** ਹੋ ਗਿਆ ਹੋਵੇ ਤਾਂ ਉਹ ਆਪਣੀ ਕੁਝ ਜ਼ਮੀਨ **ਵੇਚ** ਦੇਣ ਲਈ ਮਜਬੂਰ ਹੋ

ਸਕਦਾ ਸੀ। ਉਦਾਹਰਣ ਲਈ ਉਹ ਨੇ ਐਨਾ ਕੁ ਕਰਜ਼ਾ ਲੈ ਲਿਆ ਹੋਵੇ ਕਿ ਉਹ ਉਹਨੂੰ ਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚੇ ਬਗ਼ੈਰ ਮੋੜ ਨਾ ਸਕਦਾ ਹੋਵੇ। ਮਤਲਬ ਇਹ ਕਿ ਜ਼ਮੀਨ ਦੇ ਮਾਲਕ ਨੇ ਆਪਣੀ ਪੱਤੀ ਜਾਂ ਜਾਇਦਾਦ ਨੂੰ ਉਦੋਂ ਤਕ ਨਹੀਂ ਵੇਚਣਾ ਸੀ ਜਦੋਂ ਤਕ ਉਹ ਮਾਲੀ ਤੌਰ ਤੇ ਅਜਿਹਾ ਕਰਨ ਲਈ ਮਜਬੂਰ ਨਾ ਹੁੰਦਾ।

ਜਦ ਕਿਸੇ ਨੂੰ ਆਪਣੀ ਜ਼ਮੀਨ ਵਿੱਚੋਂ ਕੁਝ ਵੇਚਣ ਲਈ ਮਜਬੂਰ ਹੋ ਜਾਣਾ ਪੈਂਦਾ ਤਾਂ ਇਸ ਨੂੰ ਛੁਡਾਉਣ ਦੀ ਜ਼ਿੰਮੇਵਾਰੀ **ਉਸ ਦਿਆਂ ਸਾਕਾਂ ਵਿੱਚੋਂ** ਕਿਸੇ ਦੀ ਹੁੰਦੀ ਕਿ ਉਹ ਖ਼ਰੀਦਦਾਰ ਕੋਲੋਂ ਉਹਨੂੰ **ਮੋੜ ਲਵੇ**। ਭਲਾ ਕੋਈ ਸਾਥੀ ਇਸਰਾਏਲੀ ਕਿਸੇ ਹੋਰ ਇਸਰਾਏਲੀ ਜ਼ਮੀਨ ਨੂੰ ਕਿਉਂ ਛੁਡਾਵੇ? ਉਨ੍ਹਾਂ ਦੇ ਨਜ਼ਦੀਕੀ ਰਿਸਤੇ ਦੇ ਕਾਰਣ। ਆਇਤ 25 ਵਿਚ **ਸਾਕਾਂ** ਅਤੇ **ਭਰਾ** ਦਾ ਅਨੁਵਾਦ *'ach* (*ਆਕ*) ਤੋਂ ਹੋਇਆ ਹੈ ਜਿਸ ਦਾ ਮੂਲ ਅਰਥ ''ਭਰਾ'' ਹੈ (ਵੇਖੋ 25:36, 39, 46, 47)। ਉਹ ਆਪੋ ਵਿਚ ''ਭਰਾ'' ਸਨ ਅਤੇ ਇਸ ਕਰਕੇ ਹਰ ਇਸਰਾਏਲੀ ਲਈ ਕਿਸੇ ਕੰਗਾਲ ਇਸਰਾਏਲੀ ਦੀ ਮਦਦ ਕਰਨੀ ਜ਼ਰੂਰੀ ਸੀ। ਮੰਨ ਲਵੋ ਕਿ ਆਪਣੀ ਪੱਤੀ ਵੇਚ ਦੇਣ ਵਾਲੇ ਕੋਲ ਵਾਪਸ ਜਾਣ ਅਤੇ ਉਹਨੂੰ ਵਰਤਦੇ ਰਹਿਣ ਦੀ ਇਜਾਜ਼ਤ ਹੋਣੀ ਸੀ। ਭਲਾ ਉਹਦੇ ਲਈ ਪਹੁੰਚ ਪੈਣ ਤੇ ਆਪਣੇ ਸਾਕ ਨੂੰ ਮੋੜਨੀ ਜ਼ਰੂਰੀ ਹੁੰਦੀ ਸੀ? ਵਚਨ ਇਹ ਨਹੀਂ ਦੱਸਦਾ।

**ਆਇਤਾਂ 26, 27.** ਜੇ ਉਸ **ਜਣੇ** ਕੋਲ ਜਿਸ ਨੇ ਜ਼ਮੀਨ ਵੇਚੀ ਹੋਵੇ **ਕੋਈ ਮੋੜਾਉਣ ਵਾਲਾ ਨਾ ਹੋਵੇ** ਤਾਂ ਉਸ ਜ਼ਮੀਨ ਨੂੰ ਛੁਡਾਉਣ (ਵਾਪਸ ਖ਼ਰੀਦਣ) ਦੀ ਜ਼ਿੰਮੇਵਾਰੀ ਉਸ ਦੇ ਹਾਲਾਤ ਸਧਰ ਜਾਣ ਤੇ ਓਸੇ ਦੀ ਸੀ। ਉਹਦੇ ਲਈ ਚੁਕਾਈ ਗਈ ਕੀਮਤ ਅਤੇ ਅਗਲੇ ਅਨੰਦ ਦੇ ਵਰ੍ਹੇ ਤਕ ਬਚੇ ਸਾਲਾਂ ਨੂੰ ਧਿਆਨ ਵਿਚ ਰੱਖਦਿਆਂ ਉਸ ਕੋਲੋਂ ਪੱਤੀ ਖ਼ਰੀਦਣ ਵਾਲੇ ਨਾਲ ਨਿਆਂ ਕਰਨਾ ਜ਼ਰੂਰੀ ਸੀ। ਜ਼ਮੀਨ ਵਾਪਸ ਖਰੀਦਣ ਲਈ ਉਹਨੂੰ ਖ਼ਰੀਦਦਾਰ ਨੂੰ ਉਹ ਪੈਸਾ ਮੋੜਨਾ ਜ਼ਰੂਰੀ ਸੀ ਜਿਹੜਾ ਉਹਨੇ ਫ਼ਸਲ ਲਈ ਖਰਚਿਆ ਜਿਹੜੀ ਉਹਨੂੰ ਬੀਜਣ ਜਾਂ ਵੱਢਣੀ ਨਹੀਂ ਪਈ।

**ਆਇਤ 28.** ਪਰ ਜੇ ਜ਼ਮੀਨ ਵੇਚਣ ਵਾਲੇ ਕੋਲ ਕਦੇ ਐਨਾ ਪੈਸਾ ਇਕੱਠਾ ਨਾ ਹੋ ਸਕੇ ਕਿ ਉਹ ਆਪਣੀ ਪੱਤੀ ਨੂੰ ਛੁਡਾ ਸਕੇ ਤਾਂ ਖ਼ਰੀਦਾਰ ਕੋਲ ਇਹ **ਅਨੰਦ ਦੇ ਵਰ੍ਹੇ ਤੋੜੀ** ਰਹਿਣੀ ਹੁੰਦੀ ਸੀ। ਉਸ ਸਮੇਂ ਉਹ ਵੇਚਣ ਵਾਲੇ ਨੂੰ **ਮਿਲ** ਜਾਣੀ ਹੁੰਦੀ ਸੀ। ''ਮਿਲ'' ਦਾ ਅਨੁਵਾਦ *yatsa'* (*ਯਾਤਸਾ*) ਤੋਂ ਹੋਇਆ ਹੈ ਜਿਸ ਦਾ ਮੂਲ ਅਰਥ ਹੈ ''ਬਾਹਰ ਜਾਓ।''

### ਘਰ ਵੇਚਣਾ (25:29-34)

**[29]ਅਤੇ ਜੇ ਕੋਈ ਮਨੁੱਖ ਕਿਸ ਪੱਕੇ ਸ਼ਹਿਰ ਵਿੱਚ ਘਰ ਵੇਚੇ ਤਾਂ ਉਸ ਦੇ ਵੇਚਣ ਦੇ ਪਿੱਛੋਂ ਇੱਕ ਪੂਰੇ
ਵਰਹੇ ਤੋੜੀ ਉਸ ਨੂੰ ਮੋੜ ਸੱਕੇਗਾ, ਇੱਕ ਪੂਰੇ ਵਰਹੇ ਤੱਕ ਉਸ ਨੂੰ ਨਿਸੰਗ ਮੋੜ ਲਵੇ [30]ਅਤੇ ਜੇ ਕਦੀ
ਉਹ ਇੱਕ ਪੂਰੇ ਵਰਹੇ ਦੇ ਵੇਲੇ ਤਾਈਂ ਉਹ ਮੋੜਿਆ ਨਾ ਜਾਏ ਤਦ ਉਹ ਘਰ ਜੋ ਪੱਕੇ ਸ਼ਹਿਰ ਵਿੱਚ ਹੈ
ਜਿਸ ਨੇ ਮੁੱਲ ਲਿਆ ਹੈ ਓਸੇ ਦਾ ਉਸ ਦੀਆਂ ਪੀੜ੍ਹੀਆਂ ਤੋੜੀ ਠਹਿਰਾਇਆ ਜਾਵੇ, ਉਹ ਅਨੰਦ ਦੇ ਵਿੱਚ
ਛੱਡਿਆ ਨਾ ਜਾਵੇ [31]ਪਰ ਉਨ੍ਹਾਂ ਪਿੰਡਾਂ ਦੇ ਘਰ ਜਿਨ੍ਹਾਂ ਦੇ ਕੋਈ ਧੂੜ ਕੋਟ ਨਹੀਂ, ਓਹ ਧਰਤੀ ਦੀਆਂ
ਪੈਲ਼ੀਆਂ ਦੇ ਸਮਾਨ ਸਮਝੇ ਜਾਣਗੇ, ਓਹ ਮੋੜਨ ਜੋਗੇ ਹਨ, ਓਹ ਅਨੰਦ ਵਿੱਚ ਛੁੱਟ ਜਾਣ [32]ਤਾਂ ਭੀ
ਲੇਵੀਆਂ ਦੇ ਸ਼ਹਿਰ ਅਤੇ ਉਨ੍ਹਾਂ ਦੀਆਂ ਪੱਤੀਆਂ ਦੇ ਸ਼ਹਿਰਾਂ ਦੇ ਘਰ ਸੋ ਲੇਵੀ ਭਾਵੇਂ ਕਿਸੇ ਵੇਲੇ ਮੋੜ
ਲੈਣ [33]ਅਤੇ ਜੇ ਕੋਈ ਮਨੁੱਖ ਲੇਵੀਆਂ ਕੋਲੋਂ ਮੁੱਲ ਲਵੇ ਤਾਂ ਉਹ ਘਰ ਜੋ ਵੇਚਿਆ ਹੋਵੇ ਅਤੇ ਉਸ ਦੀ
ਪੱਤੀ ਦਾ ਸ਼ਹਿਰ ਸੋ ਅਨੰਦ ਦੇ ਵਰਹੇ ਵਿੱਚ ਛੁੱਟ ਜਾਣਗੇ, ਕਿਉਂ ਜੋ ਇਸਰਾਏਲੀਆਂ ਵਿੱਚ ਲੇਵੀਆਂ ਦੇ
ਸ਼ਹਿਰਾਂ ਦੇ ਘਰ ਉਨ੍ਹਾਂ ਦੀ ਪੱਤੀ ਹੈ [34]ਪਰ ਉਨ੍ਹਾਂ ਦੇ ਸ਼ਹਿਰਾਂ ਦੇ ਦੁਆਲੇ ਦੀ ਸ਼ਾਮਲਾਤ ਸੋ ਵੇਚੀ ਨਾ
ਜਾਏ ਕਿਉਂ ਜੋ ਉਹ ਉਨ੍ਹਾਂ ਦੀ ਸਦਾ ਦੀ ਪੱਤੀ ਹੈ।**

ਜ਼ਮੀਨ ਵੇਚਣ ਸਬੰਧੀ ਨਿਯਮ ਦੇਣ ਤੋਂ ਬਾਅਦ ਯਹੋਵਾਹ ਨੇ ਮਕਾਨਾਂ ਨੂੰ ਵੇਚਣ ਸਬੰਧੀ ਨਿਯਮ ਦੇ ਦਿੱਤੇ। ਸਾਫ਼ ਹੈ ਕਿ ਇਸ ਕਾਨੂੰਨ ਵਿਚ ਇਹੋ ਜਿਹੇ ਸਵਾਲਾਂ ਦਾ ਧਿਆਨ ਸੀ ਕਿ ''ਜੇ ਮੇਰੀ ਕੋਈ ਜ਼ਮੀਨ ਨਾ ਹੋਵੇ ਪਰ ਮੈਂ ਆਪਣਾ ਮਕਾਨ ਵੇਚਣ ਦਾ ਫ਼ੈਸਲਾ ਕਰ ਲਵਾਂ ਤਾਂ ਅਨੰਦ ਦੇ ਵਰ੍ਹੇ ਦੇ ਇਹ ਨਿਯਮ ਮੈਨੂੰ ਕਿਵੇਂ ਪ੍ਰਭਾਵਿਤ ਕਰਨਗੇ?'' ਮਕਾਨ ਵੇਚਣ ਨਾਲ ਸਬੰਧਿਤ ਨਿਯਮਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: (1) ਸ਼ਹਿਰਪਨਾਹ ਦੇ ਅੰਦਰ ਪੈਂਦੇ ਪੱਕੇ ਸ਼ਹਿਰੀ ਮਕਾਨ, (2) ਪਿੰਡਾਂ ਵਿਚਲੇ ਮਕਾਨ ਅਤੇ (3) ਲੇਵੀਆਂ ਦੇ ਨਗਰਾਂ ਵਾਲੇ ਮਕਾਨ।

**ਆਇਤਾਂ 29, 30.** ਜੇ ਕੋਈ ਇਸਰਾਏਲੀ **ਪੱਕੇ ਸ਼ਹਿਰ ਵਿਚ ਘਰ** ਵੇਚੇ ਤਾਂ ਉਹਦੇ ਕੋਲ ਇਸ ਨੂੰ ਛੁਡਾਉਣ ਲਈ ਇਕ **ਵਰ੍ਹੇ** ਦਾ ਸਮਾਂ ਹੁੰਦਾ ਸੀ, ਭਾਵੇਂ ਆਪਣੇ ਲਈ ਵਾਪਸ ਖਰੀਦਣ ਲਈ ਜਾਂ ਆਪਣੇ ਕਿਸੇ ਸਾਕ ਲਈ ਛੁਡਾਉਣ ਵਾਸਤੇ। ਜੇ ਉਹਨੇ ਉਹਨੂੰ ਉਸ ਸਮੇਂ ਦੌਰਾਨ ਨਾ ਛੁਡਾਇਆ ਹੋਵੇ ਤਾਂ ਇਹ ਉਸ ਵਿਅਕਤੀ ਦੀ ਜਿਸ ਨੂੰ ਇਹ ਵੇਚਿਆ ਗਿਆ ਸੀ ਪੱਕੀ ਜਾਇਦਾਦ ਬਣ ਜਾਂਦਾ। **ਅਨੰਦ ਦੇ ਵਿਚ** ਇਹ ਅਸਲ ਮਾਲਕ ਕੋਲ **ਮੋੜਿਆ ਨਹੀਂ** ਜਾਂਦਾ ਸੀ। ਅਜਿਹਾ ਘਰ ਜ਼ਮੀਨ ਨਾਲੋਂ ਫ਼ਰਕ ਹੁੰਦਾ ਸੀ; ਇਸ ਨੂੰ ਉਸ ਪਰਿਵਾਰ ਦੀ ਪੱਕੀ ਜਾਇਦਾਦ ਨਹੀਂ ਮੰਨਿਆ ਜਾਂਦਾ ਸੀ ਜਿਸ ਨੂੰ ਇਹ ਸ਼ੁਰੂ ਵਿਚ ਮਿਲਿਆ ਹੁੰਦਾ। ਛੁਟਕਾਰੇ ਦੇ ਇਕ ਸਾਲ ਦੇ ਹੱਕ ਦੇ ਨਾਲ ਨਾਲ ਇਸ ਨੂੰ ਕਿਸੇ ਵੀ ਹੋਰ ਚੀਜ਼ ਵਾਂਗ ਵੇਚਿਆ ਅਤੇ ਖ਼ਰੀਦਿਆ ਜਾ ਸਕਦਾ ਸੀ।

**ਆਇਤ 31.** ਇਸ ਦੇ ਉਲਟ ਬਿਨਾਂ ਸ਼ਹਿਰਪਨਾਹਾਂ ਵਾਲੇ **ਪਿੰਡਾਂ ਦੇ ਘਰ** ਜ਼ਮੀਨ ਵਾਲੀ ਸ਼੍ਰੇਣੀ ਵਿਚ ਨਹੀਂ ਰੱਖੇ ਜਾਂਦੇ ਸਨ ਅਤੇ ਉਨ੍ਹਾਂ ਨੂੰ **ਪੈਲ਼ੀਆਂ** ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਪੱਕੇ ਤੌਰ ਤੇ ਵੇਚਿਆ ਨਹੀਂ ਜਾ ਸਕਦਾ ਸੀ। ਜੇ ਉਨ੍ਹਾਂ ਨੂੰ ਵੇਚ ਦਿੱਤਾ ਜਾਂਦਾ ਤਾਂ ਅਸਲ ਮਾਲਕਾਂ ਵੱਲੋਂ ਉਨ੍ਹਾਂ ਦੇ **ਛੁੱਟ ਜਾਣ** ਦਾ ਹੱਕ ਹੁੰਦਾ; ਅਤੇ ਜੇ ਉਹ ਨਾ ਛੁਡਾਏ ਜਾਂਦੇ ਤਾਂ ਉਨ੍ਹਾਂ ਘਰਾਂ ਦੀ ਮਲਕੀਅਤ **ਅਨੰਦ ਵਿਚ** ਓਸੇ ਨੂੰ ਮੁੜ ਜਾਂਦੀ ਜਿਸ ਨੇ ਉਨ੍ਹਾਂ ਨੂੰ ਵੇਚਿਆ ਹੁੰਦਾ।

ਵਚਨ ਸ਼ਹਿਰਪਨਾਹ ਵਾਲੇ ਨਗਰਾਂ ਦੇ ਘਰਾਂ ਅਤੇ ਪਿੰਡਾਂ ਦੇ ਘਰਾਂ ਵਿਚਕਾਰ ਕੋਈ ਫ਼ਰਕ ਨਹੀਂ ਸਮਝਾਉਂਦਾ। ਹੋ ਸਕਦਾ ਹੈ ਕਿ ਇਹ ਫ਼ਰਕ ਉਨ੍ਹਾਂ ਘਰਾਂ ਦੇ ਮਾਲਕਾਂ ਦੀ ਮਾਲੀ ਹਾਲਤ ਤੇ ਅਧਾਰਿਤ ਹੋਵੇ। ਪੱਕੇ ਸ਼ਹਿਰਾਂ ਵਾਲੇ ਘਰਾਂ ਦੇ ਮਾਲਕ ਅਮੀਰ ਹੁੰਦੇ ਹੋਣਗੇ, ਭਾਵ ਉਹ ਸਮਾਜ ਦੇ ਉੱਚ ਵਰਗ ਵਿੱਚੋਂ ਹੁੰਦੇ ਹੋਣਗੇ। ਉਨ੍ਹਾਂ ਨੂੰ ਜ਼ਿੰਦਗੀ ਦੇ ਬਦਲਦੇ ਪੜਾਵਾਂ ਤੋਂ ਸੁਰੱਖਿਆ ਦੀ ਲੋੜ ਨਹੀਂ ਹੁੰਦੀ ਸੀ। ਜੇ ਇਸ ਪਰਿਵਾਰ ਨੇ ਸ਼ਹਿਰ ਵਿਚ ਕੋਈ ਵਧੀਆ ਘਰ ਵੇਚਣਾ ਹੁੰਦਾ ਤਾਂ ਉਹ ਅਸਾਨੀ ਨਾਲ ਕੋਈ ਹੋਰ ਖ਼ਰੀਦ ਸਕਦੇ ਸਨ। ਦੂਜੇ ਪਾਸੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਗ਼ਰੀਬ ਹੁੰਦੇ ਹੋਣਗੇ। ਜਦ ਉਨ੍ਹਾਂ ਨੂੰ ਆਪਣੇ ਮਕਾਨ ਵੇਚਣੇ ਪੈਂਦੇ ਤਾਂ ਉਨ੍ਹਾਂ ਕੋਲ ਪੈਸਾ ਵੀ ਨਹੀਂ ਰਹਿੰਦਾ ਹੋਵੇਗਾ ਅਤੇ ਉਹ ਬੇਘਰ ਵੀ ਹੋ ਜਾਂਦੇ ਹੋਣਗੇ; ਉਹ ਅਨੰਦ ਦੇ ਬਗ਼ੈਰ ਤਾਂ ਹੁੰਦੇ ਹੀ ਹੋਣਗੇ, ਆਸ ਦੇ ਬਗ਼ੈਰ ਵੀ ਹੋਣਗੇ। ਸ਼ਾਇਦ ਖ਼ੁਦਾ ਵੱਲੋਂ ਇਸ ਨਿਯਮ ਦਾ ਦਿੱਤਾ ਜਾਣਾ ਗ਼ਰੀਬਾਂ ਦੀ ਸੁਰੱਖਿਆ ਲਈ ਇੰਤਜ਼ਾਮ ਸੀ।

**ਆਇਤਾਂ 32-34. ਲੇਵੀਆਂ** ਦੀ ਆਪਣੀ ਵੱਖਰੀ ਹੀ ਜਮਾਤ ਸੀ। ਬਾਰ੍ਹਾਂ ਗੋਤਰਾਂ ਵਿੱਚੋਂ ਹਰੇਕ ਨੂੰ ਜ਼ਮੀਨ ਦਾ ਇਕ ਟੁਕੜਾ ਦਿੱਤਾ ਗਿਆ ਸੀ,[7] ਪਰ ਲੇਵੀ ਦੇ ਯਾਜਕਾਈ ਗੋਤਰ ਨੂੰ ਪੂਰੇ ਇਸਰਾਏਲ ਵਿਚ ਫੈਲੇ ਅਠਤਾਲੀ ਸ਼ਹਿਰ ਦਿੱਤੇ ਗਏ (ਗਿਣਤੀ 35:7; ਯਹੋਸ਼ੁਆ 21:41)। ਲੇਵੀਆਂ ਦਾ ਕੰਮ ਡੇਰੇ ਦੀ ਦੇਖਭਾਲ ਕਰਕੇ ਯਹੋਵਾਹ ਦੀ ਸੇਵਾ ਕਰਨਾ ਸੀ, ਜਿੱਥੇ ਉਹ ਬੰਦਗੀਆਂ ਕਰਾਉਂਦੇ ਅਤੇ ਕੁਰਬਾਨੀਆਂ ਚੜ੍ਹਾਉਂਦੇ ਸਨ। ਆਪਣੇ ਗੁਜ਼ਾਰੇ ਲਈ ਜ਼ਮੀਨ ਉੱਤੇ ਕੰਮ ਕਰਨ ਦੀ ਬਜਾਇ ਉਹ ਡੇਰੇ ਵਿਚ ਲਿਆਂਦੇ ਗਏ ਦਾਨਾਂ ਅਤੇ ਕੁਰਬਾਨੀਆਂ ਨਾਲ ਕਰਦੇ ਸਨ। (ਇਸ ਮਦਦ ਵਿਚ ਵਾਧਾ ਸਿਰਫ਼ ਉਨ੍ਹਾਂ ਵੱਲੋਂ ਲੇਵੀਆਂ ਦੇ ਨਗਰਾਂ ਦੇ ਨਾਲ ਦੀ ਜ਼ਮੀਨ ਦੇ ਛੋਟੇ ਟੁਕੜਿਆਂ ਤੋਂ ਕਮਾਈ ਕਰਨ ਨਾਲ ਹੀ ਹੁੰਦਾ ਸੀ।) ਖ਼ੁਦਾ ਦਾ ਇਰਾਦਾ ਮੂਸਾ ਦੀ ਸ਼ਰ੍ਹਾ ਦੇ ਰਾਹੀਂ ਆਪਣੇ ਲੋਕਾਂ ਨਾਲ ਵਿਹਾਰ ਕਰਨ ਲਈ ਇਸ ਇੰਤਜ਼ਾਮ ਨੂੰ ਦੇਣ ਦਾ ਸੀ, ਸੋ ਇਹ ਸਾਫ਼ ਹੈ ਕਿ ਇਸੇ ਕਰਕੇ ਉਹਨੇ ਕਿਸੇ ਲੇਵੀ ਨੂੰ ਮਿਲੀ

ਜ਼ਮੀਨ ਨੂੰ ਪੱਕੇ ਤੌਰ ਤੇ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ।

ਸਾਫ਼ ਹੈ ਕਿ ਭਾਵੇਂ **ਲੇਵੀਆਂ ਦੇ ਸ਼ਹਿਰਾਂ** ਨੂੰ ਵੇਚਿਆ ਜਾ ਸਕਦਾ ਸੀ ਪਰ ਉਨ੍ਹਾਂ ਦੇ ਘਰ **ਉਨ੍ਹਾਂ ਦੀ ਸਦਾ ਦੀ ਪੱਤੀ** ਸਨ (25:32)। ਜੇ ਉਹ ਘਰ ਛੁਡਾਏ ਨਾ ਜਾਂਦੇ ਤਾਂ ਉਨ੍ਹਾਂ ਨੂੰ **ਅਨੰਦ ਦੇ ਵਰ੍ਹੇ ਵਿਚ** ਉਨ੍ਹਾਂ ਦੇ ਅਸਲ ਮਾਲਕ ਨੂੰ ਮੋੜ ਦਿੱਤਾ ਜਾਂਦਾ (25:33)। ਸ਼ਾਮਲਾਤ ਜ਼ਮੀਨ ਜਿਹੜੀ **ਲੇਵੀਆਂ ਦੇ** ਸ਼ਹਿਰਾਂ ਦੇ ਆਲੇ ਦੁਆਲੇ ਦੀ ਸੀ, ਸ਼ਹਿਰਾਂ ਦੇ ਘਰਾਂ ਤੋਂ ਬਿਨਾਂ ਉਹ ਕਿਸੇ ਵੀ ਸੂਰਤ ਵਿਚ **ਵੇਚੀ ਨਾ ਜਾ** ਸਕਦੀ ਸੀ। ਉਹ **ਉਨ੍ਹਾਂ ਦੀ ਸਦਾ ਦੀ ਪੱਤੀ** ਸੀ ਜਿਨ੍ਹਾਂ ਨੂੰ ਖ਼ੁਦਾ ਨੇ ਸ਼ੁਰੂ 'ਚ ਦਿੱਤੀ ਸੀ (25:34)।

### ਗਰੀਬੀ ਨਾਲ ਨਜਿੱਠਣਾ ਅਤੇ ਗੁਲਾਮੀ ਤੇ ਰੋਕ ਲਾਉਣਾ (25:35-38)

**[35]ਅਤੇ ਜੇ ਕਦੀ ਤੇਰਾ ਭਰਾ ਕੰਗਾਲ ਬਣ ਗਿਆ ਹੋਵੇ ਅਤੇ ਉਸ ਦਾ ਹੱਥ ਤੰਗ ਹੋਵੇ ਤਾਂ ਤੂੰ ਉਸ ਦੀ ਸਮ੍ਹਾਲ ਰੱਖੀਂ, ਹਾਂ, ਓਪਰੇ ਅਤੇ ਪਰਾਹੁਣੇ ਵਾਂਙੁ ਉਹ ਤੇਰੇ ਨਾਲ ਵੱਸੇ [36]ਉਸ ਤੋਂ ਤੂੰ ਵਿਆਜ ਵੱਟਾ ਨਾ ਲਵੀ ਪਰ ਆਪਣੇ ਪਰਮੇਸ਼ੁਰ ਤੋਂ ਡਰੀ ਭਈ ਤੇਰਾ ਭਰਾ ਤੇਰੇ ਨਾਲ ਹੀ ਵੱਸਦਾ ਰਹੇ [37]ਤੂੰ ਉਸ ਨੂੰ ਆਪਣੀ ਰੋਕੜ ਵਿਆਜ ਕਰਕੇ ਨਾ ਦੇਵੀਂ, ਨਾ ਖੱਟੀ ਖੱਟ ਕੇ ਉਸ ਨੂੰ ਭੋਜਨ ਖੁਵਾਵੀਂ [38]ਮੈਂ ਯਹੋਵਾਹ ਤੇਰਾ ਪਰਮੇਸ਼ੁਰ ਹਾਂ ਜੋ ਤੁਹਾਨੂੰ ਕਨਾਨ ਦਾ ਦੇਸ ਦੇਣ ਲਈ ਅਤੇ ਤੁਹਾਡਾ ਪਰਮੇਸ਼ੁਰ ਬਣਨ ਲਈ ਤੁਹਾਨੂੰ ਮਿਸਰ ਦੇ ਦੇਸੋਂ ਲਿਆਇਆ।**

ਇਸ ਤੋਂ ਬਾਅਦ ਯਹੋਵਾਹ ਨੇ ਕਿਸੇ ਇਸਰਾਏਲੀ ਦੇ ਕੰਗਾਲ ਹੋ ਜਾਣ ਤੇ ਉਸ ਨਾਲ ਕੀਤੇ ਜਾਣ ਵਾਲੇ ਵਿਹਾਰ ਸਬੰਧੀ ਹਿਦਾਇਤਾਂ ਦਿੱਤੀਆਂ।

**ਆਇਤ 35.** ਜੇ ਇਸਰਾਏਲੀਆਂ ਵਿੱਚੋਂ ਕੋਈ **ਕੰਗਾਲ** ਹੋ ਜਾਵੇ, ਭਾਵ **ਉਸ ਦਾ ਹੱਥ ਤੰਗ** ਹੋ ਜਾਵੇ ਤਾਂ ਬਾਕੀ ਦੇ ਇਸਰਾਏਲੀਆਂ ਨੇ **ਉਸ ਦੀ ਸੰਭਾਲ** ਕਰਨੀ ਸੀ ਤਾਂ ਜੋ ਉਹ ਬਾਕੀ ਦੇ ਇਸਰਾਏਲੀਆਂ ਦੇ **ਨਾਲ ਵੱਸ** ਸਕੇ। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਉਸ ਦੀ ਦੇਖਭਾਲ ਕਰਨੀ ਸੀ ਤਾਂ ਜੋ ਉਹ ਆਪਣੇ ਮਿੱਤਰਾਂ ਅਤੇ ਪਰਿਵਾਰ ਦੇ ਨਾਲ ਅਜ਼ਾਦੀ ਨਾਲ ਰਹਿ ਸਕੇ ਅਤੇ ਗੁਲਾਮ ਬਣਾ ਕੇ ਵੇਚਿਆ ਨਾ ਜਾਵੇ ਅਤੇ ਅਜਿਹਾ ਨਾ ਹੋਵੇ ਕਿ ਉਹਨੂੰ ਗੁਲਾਮ ਬਣਾ ਕੇ ਵੇਚ ਦਿੱਤਾ ਜਾਵੇ ਅਤੇ ਉਹ ਆਪਣੇ ਮਾਲਿਕ ਦੇ ਪਰਿਵਾਰ ਦੇ ਨਾਲ ਰਹੇ। ਉਸ ਦੇ ਦੇਸਵਾਸੀਆਂ,[8] ਜਾਂ ਸਾਥੀ ਇਸਰਾਏਲੀਆਂ ਦੀ ਜ਼ਿੰਮੇਵਾਰੀ ਸੀ ਕਿ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਕੇ ਉਹਦੀ ਦੇਖਭਾਲ ਕਰਨ। ਦਿਲਚਸਪ ਗੱਲ ਇਹ ਹੈ ਕਿ ਕੰਗਾਲ ਇਸਰਾਏਲੀ ਨੇ **ਓਪਰੇ ਅਤੇ ਪਰਾਹੁਣੇ** ਵਾਂਗ ਰਹਿਣਾ ਹੁੰਦਾ ਸੀ। ਖ਼ੁਦਾ ਦੇ ਲੋਕਾਂ ਲਈ ਆਪਣੇ ਲੋਕਾਂ ਦੇ ਨਾਲ–ਨਾਲ ਆਪਣੇ ਵਿਚਕਾਰ ਰਹਿਣ ਵਾਲੇ ਪਰਦੇਸੀਆਂ ਦੀ ਵੀ ਦੇਖਭਾਲ ਕਰਨੀ ਜ਼ਰੂਰੀ ਸੀ।

**ਆਇਤਾਂ 36, 37.** ਖ਼ੁਦਾ ਨੇ ਗ਼ਰੀਬ ਆਦਮੀ ਦੇ ਬਚਾਅ ਲਈ ਤਰੀਕੇ ਦੱਸੇ: (1) ਉਨ੍ਹਾਂ ਨੇ ਉਸ ਤੋਂ **ਵਿਆਜ ਵੱਟਾ** ਨਹੀਂ ਲੈਣਾ ਸੀ। NASB ਵਿਚ ਸੂਦਖੋਰ ''ਵਿਆਜ'' ਹੈ ਜਿਸ ਦਾ ਮਤਲਬ ਇਹ ਹੈ ਕਿ ਵਿਆਜ ਲਿਆ ਜਾ ਸਕਦਾ ਸੀ ਜੇ ਇਹ ਬੇਹਿਸਾਬ ਨਹੀਂ ਹੈ।[9] ਸਚਿਆਈ ਇਹ ਹੈ ਕਿ ਇਸਰਾਏਲੀਆਂ ਨੂੰ ਆਪਣੇ ਸਾਥੀ ਇਸਰਾਏਲੀਆਂ ਤੋਂ *ਕਿਸੇ* ਤਰ੍ਹਾਂ ਦੇ ਵਿਆਜ ਲੈਣ ਦੀ ਮਨਾਹੀ ਸੀ (ਕੂਚ 22:25; ਗਿਣਤੀ 23:19, 20)।[10] (2) ਉਹ ਉਹਨੂੰ **ਆਪਣੀ ਰੋਕੜ ਵਿਆਜ** ਤੇ ਨਹੀਂ ਦੇ ਸਕਦੇ ਸਨ। (3) ਉਹ ਉਸ ਨੂੰ **ਭੋਜਨ** ਵੇਚ ਨਹੀਂ ਸਕਦੇ ਸਨ ਭਾਵ ਉਹ ਖਾਣਾ ਬਿਨਾਂ ਕੀਮਤ ਦੇ ਮੁਫ਼ਤ ਖਾ ਸਕਦਾ ਸੀ।

**ਆਇਤ 38.** ਇਸਰਾਏਲੀਆਂ ਨੂੰ ਇਸ ਗੱਲ ਨਾਲ ਦਲੇਰ ਕੀਤਾ ਜਾਂਦਾ ਸੀ ਕਿ **ਯਹੋਵਾਹ** ਨੇ ਆਪਣੇ ਆਪ ਨੂੰ ਉਨ੍ਹਾਂ ਦਾ **ਪਰਮੇਸ਼ੁਰ** ਐਲਾਨਿਆ ਸੀ, ਜੋ ਉਨ੍ਹਾਂ ਨੂੰ **ਮਿਸਰ ਦੇ ਦੇਸੋਂ ਲਿਆਇਆ**। ਇਹ ਗੱਲ ਉਨ੍ਹਾਂ ਨੂੰ ਯਾਦ ਦੁਆਉਂਦੀ ਸੀ ਕਿ ਉਨ੍ਹਾਂ ਨੂੰ ਯਹੋਵਾਹ ਵੱਲੋਂ ਬਚਾਇਆ ਗਿਆ ਸੀ, ਇਸ ਕਰਕੇ ਉਨ੍ਹਾਂ ਨੂੰ ਹੋਰਨਾਂ ਲੋਕਾਂ ਨੂੰ ਜਿਹੜੇ ਖ਼ੁਦਾ ਦੇ ਲੋਕਾਂ ਦਾ ਹਿੱਸਾ ਸਨ ਖੁਸ਼ੀ ਖੁਸ਼ੀ ਬਚਾਉਣਾ ਚਾਹੀਦਾ ਹੈ।

ਇਹ ਸ਼ਰਤਾਂ ਬੜੀਆਂ ਅਸਾਨ ਹਨ ਪਰ ਪਾਠਕ ਨੂੰ ਹੈਰਾਨੀ ਹੋ ਸਕਦੀ ਹੈ, ''ਉਨ੍ਹਾਂ ਦਾ ਅਨੰਦ ਨਾਲ ਕੀ ਲੈਣ ਦੇਣ?'' ਅਨੰਦ ਦਾ ਇਕ ਮਕਸਦ ਬੰਦਿਆਂ ਨੂੰ ਭਾਵ ਜਿਹੜੇ ਬੰਧਨ ਵਿਚ ਸਨ ਅਰਥਾਤ ਜਿਹੜੇ ਗੁਲਾਮ ਸਨ, ਛੁਡਾਉਣਾ ਹੁੰਦਾ ਸੀ। ਇਹ ਨਿਯਮ ਗੁਲਾਮੀ ਨਾਲ ਇਸ ਤਰੀਕੇ ਨਾਲ ਨਜਿੱਠਦਾ ਸੀ ਕਿ ਇਸ ਵਿਚ ਖ਼ੁਦਾ ਦੇ ਪਰਿਵਾਰ ਦੇ ਸਭ ਲੋਕਾਂ ਲਈ ਕਿਸੇ ਸਾਥੀ ਇਸਰਾਏਲੀ ਨੂੰ ਗੁਲਾਮ ਬਣਨ ਤੋਂ ਰੋਕਣ ਲਈ ਜੋ ਵੀ ਬਣ ਸਕਦਾ ਹੋਵੇ ਕਰਨਾ ਜ਼ਰੂਰੀ ਸੀ। ਇਸ ਹਵਾਲੇ ਵਿਚ ਗੁਲਾਮੀ ਦੀ ਰੋਕਥਾਮ ਲਈ ਇਕ ਯੋਜਨਾ ਹੈ।

**ਗੁਲਾਮੀ ਨਾਲ ਨਜਿੱਠਣਾ** (25:39-46)

**39ਅਤੇ ਜੇ ਤੇਰਾ ਭਰਾ ਤੇਰੇ ਕੋਲੋਂ ਕੰਗਾਲ ਹੋ ਜਾਏ ਅਤੇ ਤੇਰੇ ਪਾਸ ਵਿੱਕ ਜਾਏ ਤਾਂ ਤੂੰ ਉਸ**
**ਕੋਲੋਂ ਦਾਸ ਜਿਹੀ ਟਹਿਲ ਨਾ ਕਰਵਾਵੀਂ 40ਪਰ ਉਹ ਤੇਰੇ ਕੋਲ ਮਜ਼ਦੂਰ ਜਿਹਾ, ਅਤੇ ਪਰਾਹੁਣੇ ਜਿਹਾ**
**ਰਹੇ ਅਤੇ ਅਨੰਦ ਦੇ ਵਰਹੇ ਤਾਈਂ ਤੇਰੀ ਟਹਿਲ ਕਰੇ 41ਅਤੇ ਫੇਰ ਤੇਰੇ ਕੋਲੋਂ ਉਹ ਛੁੱਟ ਜਾਏ, ਨਾਲੇ**
**ਉਹ, ਨਾਲੇ ਉਸ ਦੇ ਬਾਲ ਬੱਚੇ ਅਤੇ ਆਪਣੇ ਟੱਬਰ ਵੱਲ ਮੁੜ ਜਾਏ ਅਤੇ ਆਪਣੇ ਪਿਉ ਦਾਦਿਆਂ ਦੀ**
**ਪੱਤੀ ਵੱਲ ਮੁੜ ਜਾਏ 42ਕਿਉਂ ਜੋ ਓਹ ਮੇਰੇ ਟਹਿਲੂਏ ਹਨ ਜੋ ਮੈਂ ਮਿਸਰ ਦੇ ਦੇਸੋਂ ਕੱਢ ਲਿਆਂਦੇ,**
**ਓਹ ਦਾਸਾਂ ਵਰਗੇ ਵੇਚੇ ਨਾ ਜਾਣ 43ਤੂੰ ਉਨ੍ਹਾਂ ਦੇ ਨਾਲ ਅਨ੍ਹੇਰ ਨਾ ਕਰੀਂ ਪਰ ਆਪਣੇ ਪਰਮੇਸ਼ੁਰ ਤੋਂ**
**ਡਰੀ 44ਤੇਰੇ ਦਾਸ ਅਤੇ ਤੇਰੀਆਂ ਦਾਸੀਆਂ ਜੋ ਤੇਰੇ ਕੋਲ ਹੋਣ ਸੋ ਉਨ੍ਹਾਂ ਵਿੱਚੋਂ ਬਣਨ ਜੋ ਤੁਹਾਡੇ ਆਲੇ**
**ਦੁਆਲੇ ਹਨ, ਉਨ੍ਹਾਂ ਕੋਲੋਂ ਤੁਸੀਂ ਦਾਸ ਅਤੇ ਦਾਸੀਆਂ ਮੁੱਲ ਲਵੋ 45ਨਾਲੇ ਉਨ੍ਹਾਂ ਓਪਰਿਆਂ ਦੀ ਸੰਤਾਨ**
**ਤੋਂ ਜੋ ਤੁਹਾਡੇ ਵਿੱਚ ਵੱਸਦੇ ਹਨ, ਉਨ੍ਹਾਂ ਤੋਂ ਅਤੇ ਉਨ੍ਹਾਂ ਦੇ ਟੱਬਰਾਂ ਤੋਂ ਜੋ ਤੁਹਾਡੇ ਨਾਲ ਹਨ ਜਿਹੜੇ**
**ਤੁਹਾਡੇ ਦੇਸ ਵਿੱਚ ਉਨ੍ਹਾਂ ਨੂੰ ਜੰਮੇ, ਤੁਸੀਂ ਮੁੱਲ ਲਵੋ ਅਤੇ ਓਹ ਤੁਹਾਡੇ ਅਧਿਕਾਰ ਰਹਿਣ 46ਅਤੇ ਤੁਸੀਂ**
**ਉਨ੍ਹਾਂ ਨੂੰ ਪੱਤੀ ਕਰਕੇ ਆਪਣੇ ਪਰਵਾਰ ਦੇ ਲਈ ਪੱਤੀ ਦੇ ਸਮਾਨ ਛੱਡੋ, ਓਹ ਸਦਾ ਦੇ ਲਈ ਤੇਰੇ**
**ਦਾਸ ਬਣਨ ਪਰ ਆਪਣੇ ਭਰਾਵਾਂ ਇਸਰਾਏਲੀਆਂ ਦੇ ਉੱਤੇ ਤੁਸਾਂ ਇੱਕ ਦੂਜੇ ਨਾਲ ਅਨ੍ਹੇਰ ਨਾ ਕਰਨਾ।**

ਅਨੰਦ ਦੇ ਵਰ੍ਹੇ ਵਿਚ ਗੁਲਾਮਾਂ ਨੂੰ ਅਜ਼ਾਦ ਕਰਨਾ ਲਾਜ਼ਮੀ ਸੀ, ਇਸ ਕਰਕੇ ਯਹੋਵਾਹ ਨੇ ਗੁਲਾਮੀ ਦੇ ਮੁੱਦੇ ਨੂੰ ਸਾਫ਼ ਕਰ ਦਿੱਤਾ। ਇਸਰਾਏਲ ਵਿਚ ਗੁਲਾਮ ਕੌਣ ਬਣ ਸਕਦਾ ਸੀ? ਕਿੰਨ੍ਹਾਂ ਗੁਲਾਮਾਂ ਨੂੰ ਅਨੰਦ ਦੇ ਵਰ੍ਹੇ ਵਿਚ ਅਜ਼ਾਦ ਕਰਨਾ ਹੁੰਦਾ ਸੀ? ਭਲਾ ਇਸਰਾਏਲੀਆਂ ਲਈ ਪੱਕੇ ਤੌਰ ਤੇ ਕੁਝ ਗੁਲਾਮ ਰੱਖਣੇ ਵਾਜਿਬ ਸਨ? ਹੇਠ ਲਿਖੀਆਂ ਆਇਤਾਂ ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦੀਆਂ ਹਨ।

**ਆਇਤਾਂ 39-43.** ਆਇਤ 39 ਪਿਛਲੇ ਪੈਰ੍ਹੇ ਦੇ ਵਿਸ਼ੇ ਨੂੰ ਅੱਗੇ ਤੋਰਦੀ ਹੈ ਕਿ ਕਿਸੇ ਇਸਰਾਏਲੀ ਦੇ **ਕੰਗਾਲ** ਹੋ ਜਾਣ ਤੇ ਕੀ ਹੁੰਦਾ ਸੀ। ਇਸ ਮਾਮਲੇ ਵਿਚ ਗ਼ਰੀਬੀ ਬੇਹੱਦ ਹੈ ਭਾਵ ਜਿਸ ਵਿਅਕਤੀ ਦੀ ਗੱਲ ਕੀਤੀ ਗਈ ਹੈ ਉਹ ਐਨਾ ਗ਼ਰੀਬ ਸੀ ਕਿ ਬਾਕੀਆਂ ਵੱਲੋਂ ਉਹਨੂੰ ਪਾਲਣ ਲਈ ਕੀਤੀਆਂ ਕੋਸ਼ਿਸ਼ਾਂ ਨਾਕਾਫ਼ੀ ਹੋਣੀਆਂ ਸਨ, ਜਿਸ ਕਰਕੇ ਉਹਦੇ ਲਈ ਆਪਣੇ ਆਪ ਨੂੰ ਸਾਥੀ ਇਸਰਾਏਲੀ ਅੱਗੇ ਵੇਚ ਦੇਣਾ ਜ਼ਰੂਰੀ ਸੀ।

ਇਸਰਾਏਲੀ ਦੇ ਇਸ ਤਰੀਕੇ ਨਾਲ ਗੁਲਾਮ ਜਾਂ ਬੰਦੀ ਬਣ ਜਾਣ ਤੇ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਣਾ ਸੀ? ਅਨੰਦ ਦੇ ਵਰ੍ਹੇ ਵਿਚ ਉਸ ਦੇ ਨਾਲ ਕੀ ਹੋਣਾ ਸੀ? ਯਹੋਵਾਹ ਦਾ ਸੰਦੇਸ਼ ਸਾਫ਼ ਸੀ ਕਿ ਇਸਰਾਏਲੀ ਗੁਲਾਮ ਨਾਲ ਗੁਲਾਮ ਵਰਗਾ ਸਲੂਕ ਨਾ ਕੀਤਾ ਜਾਵੇ। ਬਲਕਿ ਉਸ ਦੇ ਨਾਲ ਇਵੇਂ ਸਲੂਕ ਕੀਤਾ ਜਾਵੇਂ ਜਿਵੇਂ ਉਹ **ਮਜ਼ੂਰ** ਜਾਂ **ਪਰਾਹੁਣਾ** ਹੋਵੇ ਜਿਸ ਨੂੰ ਕਿਸੇ ਨੇ ਆਪਣੇ ਲਈ ਕੰਮ ਤੇ ਲਾਇਆ ਹੋਵੇ (25:40)। ਉਹਦੇ ਨਾਲ **ਅਨ੍ਹੇਰ** ਨਹੀਂ ਕੀਤਾ ਜਾਣਾ ਸੀ (25:43)।

ਇਸਰਾਏਲੀ ਗੁਲਾਮ ਦੇ ਮਾਲਕ ਅਤੇ ਉਸ ਦੇ ਇਸਰਾਏਲੀ ਗੁਲਾਮ ਵਿਚਕਾਰ ਰਿਸ਼ਤੇ ਨੂੰ ਸਮਝਣ ਦਾ ਸਭ ਤੋਂ ਵਧੀਆ ਤਰੀਕਾ ਉਨ੍ਹਾਂ ਨੂੰ ਇੱਕੋ ਪਰਿਵਾਰ ਦੇ ਲੋਕਾਂ ਵਜੋਂ ਮੰਨਣਾ ਹੈ, ਭਾਵ ਉਹ

ਭਰਾ ਸਨ। ਜੇ ਕੋਈ ਭਰਾ ਤਰੱਕੀ ਕਰ ਜਾਵੇ ਅਤੇ ਦੂਜਾ ਐਨਾ ਗ਼ਰੀਬ ਹੋ ਜਾਵੇ ਕਿ ਉਹਨੂੰ ਆਪਣੇ ਆਪ ਨੂੰ ਆਪਣੇ ਵਧੇਰੇ ਖੁਸ਼ਹਾਲ ਭਰਾ ਨੂੰ ਵੇਚਣਾ ਪੈ ਜਾਵੇ, ਤਾਂ ਆਦਰਸ਼ ਤੌਰ ਤੇ ਅਮੀਰ ਭਰਾ ਉਹਦੇ ਨਾਲ ਕਿਹੋ ਜਿਹਾ ਸਲੂਕ ਕਰੇਗਾ? ਆਪਣੇ ਗ਼ਰੀਬ ਭਰਾ ਨੂੰ ਕੰਮ ਦਏਗਾ, ਪਰ ਉਹ ਉਸ ਤੋਂ ਬਹੁਤਾ ਸਖ਼ਤ ਕੰਮ ਨਹੀਂ ਕਰਵਾਏਗਾ। ਉਹ ਉਹਦੇ ਨਾਲ ਨਰਮਦਿਲ ਹੋਵੇਗਾ ਨਾ ਕਿ ਸਖ਼ਤ ਦਿਲ। ਉਹ ਉਹਦੀਆਂ ਲੋੜਾਂ ਦਾ ਧਿਆਨ ਰੱਖੇਗਾ ਅਤੇ ਉਹਦਾ ਲਿਹਾਜ਼ ਕਰੇਗਾ। ਉਹ ਆਪਣੇ ਭਰਾ ਨੂੰ ਜੋ ਉਹ ਨਹੀਂ ਕਰ ਸਕਦਾ, ਉਹ ਕਰਨ ਲਈ ਨਹੀਂ ਕਹੇਗਾ। ਉਹ ਆਪਣੇ ਮਜ਼ਦੂਰ ਭਰਾ ਨੂੰ ਲੋੜੀਂਦੇ ਫ਼ਾਇਦੇ ਵੀ ਦਏਗਾ। ਇਸਰਾਏਲੀ ਮਾਲਕ ਲਈ ਆਪਣੇ ਇਸਰਾਏਲੀ ਗੁਲਾਮ ਨਾਲ ਇਸੇ ਤਰ੍ਹਾਂ ਦਾ ਸਲੂਕ ਕਰਨਾ ਜ਼ਰੂਰੀ ਸੀ।

ਮਾਲਕ ਲਈ ਜ਼ਰੂਰੀ ਸੀ ਕਿ ਉਹ ਆਪਣੇ ਇਸਰਾਏਲੀ ਗੁਲਾਮ ਨੂੰ **ਦਾਸਾਂ ਵਰਗੇ ਨਾ ਵੇਚੇ**। ਬੋਲੀ ਵਿਚ **ਵੇਚੇ** ਜਾਣ ਤੇ ਕੋਈ ਉਹਨੂੰ ਵਾਪਸ ਖ਼ਰੀਦ ਨਹੀਂ ਸਕਦਾ ਸੀ (25:42)। ਹੋ ਸਕਦਾ ਸੀ ਕਿ ਉਹਨੂੰ ਕੋਈ ਅਜਿਹਾ ਵਿਅਕਤੀ ਖਰੀਦ ਲਵੇ ਜਿਹੜਾ ਉਹਦੇ ਨਾਲ ਬਦਸਲੂਕੀ ਕਰੇ, ਅਤੇ ਕੋਈ ਅਜਿਹਾ ਵਿਅਕਤੀ ਖਰੀਦ ਲਵੇ, ਜਿਹੜਾ ਉਹਨੂੰ ਅਨੰਦ ਦੇ ਵਰ੍ਹੇ ਵਿਚ ਰਿਹਾਅ ਨਾ ਕਰੇ।

ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸਰਾਏਲੀ ਗੁਲਾਮ ਨੂੰ **ਅਨੰਦ ਦੇ ਵਰ੍ਹੇ** ਵਿਚ ਛੱਡਿਆ ਜਾਣਾ ਜ਼ਰੂਰੀ ਸੀ (25:40)।[11] ਉਹਦੇ ਅਤੇ **ਉਹਦੇ ਬਾਲ ਬੱਚੇ** ਲਈ ਆਪਣੇ ਘਰ ਅਤੇ ਆਪਣੇ **ਟੱਬਰ** ਵਲ **ਮੁੜ** ਜਾਣਾ ਜ਼ਰੂਰੀ ਸੀ (25:41)।[12]

ਇਸਰਾਏਲੀ ਗੁਲਾਮ ਨੂੰ ਖ਼ੁਦਾ ਦੇ ਹੁਕਮਾਂ ਨੂੰ ਮੰਨਣਾ ਸਮਝਾਉਣ ਲਈ ਦੋ ਕਾਰਣ ਦਿੱਤੇ ਗਏ ਸਨ: (1) ਇਸਰਾਏਲੀ ਗੁਲਾਮ ਜਿਸ ਦਾ ਉਹ ਮਾਲਕ ਸੀ ਅਸਲ ਵਿਚ ਖ਼ੁਦਾ ਦੀ ਜਾਇਦਾਦ ਸੀ। ਖ਼ੁਦਾ ਨੇ ਉਹਨੂੰ ਆਪਣੀ ਪਰਜਾ ਬਨਾਉਣ ਲਈ **ਮਿਸਰ ਦੇ ਦੇਸੋਂ ਕੱਢ ਲਿਆਂਦਾ** ਸੀ (25:42)। (2) ਗੁਲਾਮ ਦੇ ਮਾਲਕ ਲਈ ਯਹੋਵਾਹ **ਆਪਣੇ ਪਰਮੇਸ਼ੁਰ ਤੋਂ ਡਰ**ਨਾ ਜ਼ਰੂਰੀ ਸੀ ਭਾਵ ਉਸ ਦਾ ਭੈਅ ਰੱਖਣਾ, ਉਸ ਦਾ ਆਦਰ ਕਰਨਾ ਅਤੇ ਉਸ ਤੋਂ ਡਰਨਾ ਜ਼ਰੂਰੀ ਸੀ (25:43)। ਯਹੋਵਾਹ ਦਾ ਭੈਅ ਰੱਖਣ ਵਾਲੇ ਨੇ ਉਸ ਦੀ ਜਾਇਦਾਦ ਨਾਲ ਬੜੀ ਇੱਜ਼ਤ ਨਾਲ ਪੇਸ਼ ਆਉਣਾ ਸੀ ਭਾਵ ਉਹਨੇ ਜਾਣ ਬੁੱਝ ਕੇ ਉਹਨੂੰ ਜਿਸ ਨੂੰ ਯਹੋਵਾਹ ਨੇ ਆਪ ਛੁਡਾਇਆ ਸੀ ਅਤੇ ਅਜੇ ਵੀ ਉਹ ਉਸ ਦਾ ਸੀ ਬਦਨਾਮ, ਤੁੱਛ ਜਾਂ ਜ਼ਖ਼ਮੀ ਨਹੀਂ ਕਰਨਾ ਸੀ!

**ਆਇਤਾਂ 44, 45.** ਗੈਰ–ਇਸਰਾਏਲੀ ਗੁਲਾਮਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਣਾ ਸੀ? ਇਨ੍ਹਾਂ ਆਇਤਾਂ ਵਿਚ ਯਹੋਵਾਹ ਨੇ ਅਜਿਹੇ **ਦਾਸ ਅਤੇ ਦਾਸੀਆਂ** ਬਾਰੇ ਦੋ ਸਵਾਲਾਂ ਦੇ ਜਵਾਬ ਦਿੱਤੇ। (1) ਭਲਾ ਇਸਰਾਏਲੀ ਇਨ੍ਹਾਂ ਗੁਲਾਮਾਂ ਨੂੰ ਰੱਖ ਸਕਦੇ ਸਨ? ਜਵਾਬ ਸੀ ''ਹਾਂ।'' (2) ਉਹ ਉਨ੍ਹਾਂ ਨੂੰ **ਮੁੱਲ** ਕਿਵੇਂ ਲੈ ਸਕਦੇ ਸਨ? ਉਹ ਉਨ੍ਹਾਂ ਨੂੰ ਜਾਂ ਤਾਂ ਆਪਣੇ **ਆਲੇ ਦੁਆਲੇ** ਦੇ ਲੋਕਾਂ ਤੋਂ ਜਾਂ ਉਨ੍ਹਾਂ ਦੀ ਸੰਤਾਨ ਤੋਂ ਜੋ **ਉਨ੍ਹਾਂ** ਵਿਚ **ਵੱਸਦੇ** ਸਨ, ਖ਼ਰੀਦ ਸਕਦੇ ਸਨ। ਇਸਰਾਏਲੀ ਲੋਕ ਆਪਣੇ **ਟੱਬਰਾਂ** ਤੋਂ ਵੀ ਗੁਲਾਮ ਖ਼ਰੀਦ ਸਕਦੇ ਸਨ। ਭਾਵ ਉਹ ਓਪਰਿਆਂ ਦੀ ਸੰਤਾਨ ਨੂੰ ਖ਼ਰੀਦ ਸਕਦੇ ਸਨ। ਇਹ ਇਸਰਾਏਲ ਦੇਸ ਵਿਚ ਪੈਦਾ ਹੋਏ ਬੱਚੇ ਸਨ, ਪਰ **ਜੰਮੇ** ਉਨ੍ਹਾਂ ਨੂੰ ਸਨ ਜਿਹੜੇ ਉੱਥੇ ਪਰਦੇਸੀ ਰਹਿੰਦੇ ਸਨ।

**ਆਇਤ 46.** ਅਗਲਾ ਸਵਾਲ ਜਿਹੜਾ ਪੈਦਾ ਹੁੰਦਾ ਸੀ ਉਹ ਇਹ ਹੈ ਕਿ ਕਿਸੇ ਇਸਰਾਏਲੀ ਮਾਲਕ ਦੇ ਗੁਲਾਮ ਪੱਕੇ ਤੌਰ ਤੇ ਉਸ ਦੇ ਸਨ ਜਾਂ ਉਹਨੂੰ ਉਨ੍ਹਾਂ ਨੂੰ ਅਨੰਦ ਦੇ ਵਰ੍ਹੇ ਵਿਚ ਛੱਡਣਾ ਪੈਣਾ ਸੀ। ਇਸ ਦਾ ਜਵਾਬ ਇਹ ਸੀ ਕਿ ਗੈਰ–ਇਸਰਾਏਲੀ **ਦਾਸ** ਪੱਕੇ ਤੌਰ ਤੇ ਇਸਰਾਏਲੀ ਦੇ ਹੀ ਸਨ। ਗੈਰ–ਇਸਰਾਏਲੀ ਗੁਲਾਮਾਂ ਨੂੰ ਕੋਈ ਆਪਣੇ ਬੱਚਿਆਂ ਨੂੰ ਅੱਗੇ **ਪੱਤੀ ਕਰਕੇ** ਦੇ ਸਕਦਾ ਸੀ ਭਾਵ ਉਹ ਇਸਰਾਏਲੀ ਮਾਲਕ ਦੀ ਪੱਕੀ **ਪੱਤੀ** ਬਣ ਜਾਂਦੇ ਸਨ। ਇਸ ਦੇ ਉਲਟ ਖ਼ੁਦਾ ਨੇ ਪਹਿਲਾਂ ਹੀ ਆਖਿਆ ਸੀ ਕਿ ਇਸਰਾਏਲੀ ਗੁਲਾਮ **ਅਨੰਦ ਦੇ ਵਰ੍ਹੇ ਤਾਈਂ** ਹੀ ਗੁਲਾਮ ਸੀ (25:40)।

ਆਇਤ 43 ਦੀ ਭਾਸ਼ਾ ਨੂੰ ਦੁਹਰਾਉਂਦਿਆਂ ਖ਼ੁਦਾ ਨੇ ਜ਼ੋਰ ਦੇ ਕੇ ਦੱਸਿਆ ਕਿ ਇਸਰਾਏਲੀ ਗੁਲਾਮ

ਨਾਲ ਕਿਵੇਂ ਸਲੂਕ ਕੀਤਾ ਜਾਣਾ ਸੀ। ਉਸ ਦੇ ਮਾਲਕ ਨੇ ਉਹਦੇ ਨਾਲ **ਅਨ੍ਹੇਰ ਨਾ ਕਰਨਾ** ਸੀ। ਇਕ ਭਰਾ ਨੇ ਦੂਜੇ ਨਾਲ ਬਦਸਲੂਕੀ ਨਹੀਂ ਕਰਨੀ ਸੀ, ਭਾਵੇਂ ਉਹ ਉਸ ਦਾ ਗੁਲਾਮ ਹੀ ਕਿਉਂ ਨਾ ਹੋਵੇ।

**ਗਰੀਬਾਂ ਨੂੰ ਛੁਡਾਉਣਾ** (25: 47-55)

**[47]ਅਤੇ ਜੇ ਕੋਈ ਪਰਾਹੁਣਾ ਯਾ ਓਪਰਾ ਤੇਰੇ ਨਾਲ ਜੋ ਹੈ ਧਨਵਾਨ ਹੋ ਜਾਏ ਅਤੇ ਤੇਰਾ ਭਰਾ ਜੋ ਉਸ ਦੇ ਨਾਲ ਹੈ ਕੰਗਾਲ ਬਣ ਜਾਏ ਅਤੇ ਆਪਣੇ ਆਪ ਨੂੰ ਉਸ ਓਪਰੇ ਯਾ ਪਰਾਹੁਣੇ ਦੇ ਪਾਸ ਵੇਚ ਸੁੱਟੇ ਯਾ ਉਸ ਓਪਰੇ ਦੇ ਟੱਬਰ ਕੋਲ [48]ਤਾਂ ਉਸ ਦੇ ਵੇਚਣ ਦੇ ਪਿੱਛੋਂ ਉਸ ਦਾ ਮੋੜਨਾ ਭੀ ਹੋ ਸੱਕੇਗਾ, ਉਸ ਦੇ ਭਰਾਵਾਂ ਵਿੱਚੋਂ ਕੋਈ ਉਸ ਨੂੰ ਮੋੜ ਲਵੇ [49]ਉਸ ਦਾ ਚਾਚਾ ਯਾ ਉਸ ਦੇ ਚਾਚੇ ਦਾ ਪੁੱਤਰ ਉਸ ਨੂੰ ਮੋੜ ਲਵੇ ਯਾਂ ਕੋਈ ਜੋ ਉਸ ਦੇ ਟੱਬਰ ਦੇ ਸਾਕਾਂ ਵਿੱਚੋਂ ਉਸ ਨੂੰ ਮੋੜ ਲਵੇ ਯਾਂ ਜਦ ਆਪ ਮੋੜਾਉਣ ਜੋਗਾ ਹੋਵੇ ਤਾਂ ਉਹ ਆਪ ਮੁੜਾ ਲਵੇ [50]ਅਤੇ ਉਹ ਮੁੱਲ ਲੈਣ ਵਾਲੇ ਦੇ ਨਾਲ ਉਸ ਵਰਹੇ ਤੋਂ ਜੋ ਉਹ ਉਸ ਦੇ ਕੋਲ ਵੇਚਿਆ ਗਿਆ ਸੀ ਅਨੰਦ ਦੇ ਵਰਹੇ ਤਾਈਂ ਲੇਖਾਂ ਕਰੇ ਅਤੇ ਉਨ੍ਹਾਂ ਵਰਿਹਾਂ ਦੇ ਲੇਖੇ ਦੇ ਅਨੁਸਾਰ ਉਸ ਦੇ ਵੇਚਣ ਦਾ ਮੁੱਲ ਠਹਿਰਾਵੇ ਮਜ਼ਦੂਰ ਦੇ ਵੇਲੇ ਦੇ ਅਨੁਸਾਰ ਸੋਈ ਉਸ ਦੇ ਨਾਲ ਹੋਵੇ [51]ਜੇ ਕਦੀ ਅਜੇ ਬਹੁਤ ਵਰਹੇ ਰਹਿੰਦੇ ਹੋਣ ਤਾਂ ਉਹ ਆਪਣੇ ਮੁੜਾਉਣ ਦਾ ਮੁੱਲ ਉਸ ਰੋਕੜ ਵਿੱਚੋਂ ਜਿਸ ਉੱਪਰ ਉਹ ਵੇਚਿਆ ਗਿਆ ਸੀ ਉਨ੍ਹਾਂ ਵਰਿਹਾਂ ਦੇ ਅਨੁਸਾਰ ਉਹ ਮੋੜ ਦੇਵੇ [52]ਅਤੇ ਜੇ ਅਨੰਦ ਦੇ ਵਰਹੇ ਤੀਕੁਰ ਥੋੜੇ ਵਰਹੇ ਰਹਿੰਦੇ ਹੋਣ ਤਾਂ ਉਹ ਉਸ ਦੇ ਨਾਲ ਲੇਖਾ ਕਰੇ ਅਤੇ ਆਪਣੇ ਮੁੜਾਉਣ ਦਾ ਮੁੱਲ ਆਪਣਿਆਂ ਉਨ੍ਹਾਂ ਵਰਿਹਾਂ ਦੇ ਅਨੁਸਾਰ ਉਸ ਨੂੰ ਮੋੜ ਦੇਵੇ [53]ਅਤੇ ਉਹ ਵਰਹੇ ਦੇ ਠਹਿਰਾਏ ਹੋਏ ਮਜ਼ਦੂਰ ਵਰਗਾ ਉਸ ਦੇ ਨਾਲ ਰਹੇ ਅਤੇ ਉਹ ਤੇਰੇ ਵੇਖਣ ਵਿੱਚ ਉਸ ਦੇ ਨਾਲ ਅਨ੍ਹੇਰ ਨਾ ਕਰੇ [54]ਅਤੇ ਜੇ ਕਦੀ ਉਹ ਇਨ੍ਹਾਂ ਵਰਿਹਾਂ ਵਿੱਚ ਮੋੜਿਆ ਨਾ ਜਾਏ ਤਾਂ ਉਹ ਅਨੰਦ ਦੇ ਵਰਹੇ ਵਿੱਚ ਛੁੱਟ ਜਾਵੇ, ਨਾਲੇ ਉਹ, ਨਾਲ ਉਸ ਦੇ ਬਾਲ ਬੱਚੇ [55]ਕਿਉਂ ਜੋ ਇਸਰਾਏਲੀ ਮੇਰੇ ਟਹਿਲੂਏ ਹਨ। ਓਹ ਮੇਰੇ ਟਹਿਲੂਏ ਹਨ ਜਿਨ੍ਹਾਂ ਨੂੰ ਮੈਂ ਮਿਸਰ ਦੇ ਦੇਸੋਂ ਕੱਢ ਲਿਆਇਆ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

ਗਰੀਬ ਇਸਰਾਏਲੀ ਲਈ, ਜਿਨ੍ਹੇ ਆਪਣੇ ਆਪ ਨੂੰ ਗੈਰ–ਇਸਰਾਇਲੀ ਅੱਗੇ ਵੇਚ ਦਿੱਤਾ ਹੋਵੇ ਨਿਯਮਾਂ ਦੀ ਇਸ ਲੜੀ ਵਿਚ ਆਖ਼ਰੀ ਘਟਨਾ ਦੀ ਗੱਲ ਕੀਤੀ ਗਈ ਹੈ।

**ਆਇਤਾਂ 47-49.** ਯਹੋਵਾਹ ਨੇ **ਜੇ** ਦੇ ਵਾਕਖੰਡ ਨਾਲ ਇਸ ਮੁਸ਼ਕਿਲ ਨੂੰ ਸਮਝਾ ਦਿੱਤਾ ਜਿਸ ਦਾ ਉਹਨੇ ਹੱਲ ਮੁਹੱਈਆ ਕਰਵਾਉਣਾ ਸੀ। ਜੇ **ਕੋਈ ਪਰਾਹੁਣਾ ਜਾਂ ਓਪਰਾ** (ਗੈਰ–ਇਸਰਾਏਲੀ, ਉੱਥੇ ਵੱਸਦਾ ਪਰਦੇਸੀ) ਦੇਸ਼ ਵਿਚ ਤਰੱਕੀ ਕਰ ਲਵੇ ਜਿਸ ਨਾਲ ਉਸ ਕੋਲ ਗੁਲਾਮ ਖ਼ਰੀਦਣ ਲਈ ਸਾਧਨ ਹੋ ਜਾਣ ਅਤੇ ਜੇ ਕੋਈ ਇਸਰਾਏਲੀ ਐਨਾ **ਕੰਗਾਲ** ਹੋ ਜਾਵੇ ਕਿ ਉਹਨੂੰ ਜ਼ਿੰਦਾ ਰਹਿਣ ਲਈ ਆਪਣੇ ਆਪ ਨੂੰ ਗੁਲਾਮ ਵਜੋਂ ਵੇਚਣਾ ਪਵੇ ਅਤੇ ਜੇ ਪਰਾਹੁਣਾ ਜਾਂ ਓਪਰਾ (ਜਾਂ ਉਸ ਦੇ **ਟੱਬਰ** ਵਿੱਚੋਂ ਕੋਈ) ਇਸਰਾਏਲੀ ਨੂੰ ਖ਼ਰੀਦ ਲਵੇ ਤਾਂ ਕਿਹੜੇ ਨਿਯਮ ਲਾਗੂ ਹੋਣੇ ਸਨ? ਬੁਨਿਆਦੀ ਨਿਯਮ ਇਹ ਸੀ ਕਿ ਜਿਹੜਾ ਇਸਰਾਏਲੀ ਗੁਲਾਮ ਵਜੋਂ **ਵੇਚ** ਦਿੱਤਾ ਗਿਆ ਸੀ ਉਹਨੂੰ **ਮੋੜਨਾ ਵੀ ਹੋ** ਸਕਣਾ ਸੀ। ਉਹਨੂੰ ਗੁਲਾਮੀ ਤੋਂ ਖ਼ਰੀਦ ਕੇ ਉਸ ਦੀ ਅਜ਼ਾਦੀ ਮੋੜੀ ਜਾ ਸਕਦੀ ਸੀ।

ਕੌਣ **ਉਸ ਨੂੰ** ਗੁਲਾਮੀ ਤੋਂ **ਮੋੜ** ਸਕਦਾ ਸੀ ਜਾਂ ਵਾਪਸ ਖ਼ਰੀਦ ਸਕਦਾ ਸੀ? ਦੋ ਸੰਭਾਵਨਾਵਾਂ ਦਿੱਤੀਆਂ ਗਈਆਂ ਹਨ। (1) ਨੇੜਲਾ ਸਾਕ ਛੁਟਕਾਰੇ ਦੇ ਹੱਕ ਨੂੰ ਵਰਤ ਸਕਦਾ ਸੀ – **ਉਸ ਦਾ ਚਾਚਾ ਜਾਂ ਉਸ ਦੇ ਚਾਚੇ ਦਾ ਪੁੱਤਰ ਜਾਂ ਕੋਈ ਜੋ ਉਸ ਦੇ ਟੱਬਰ ਦੇ ਸਾਕਾਂ ਵਿੱਚੋਂ** ਹੋਵੇ। (2) ਉਹ ਆਪਣੀ ਕੀਮਤ ਦੇ ਬਰਾਬਰ ਆਪਣੇ ਖ਼ਰੀਦਣ ਵਾਲੇ ਨੂੰ ਮੋੜ ਕੇ ਆਪਣੇ **ਆਪ ਨੂੰ ਮੁੜਾ** ਸਕਦਾ ਸੀ। ਅਜਿਹਾ ਕਰਨ ਲਈ ਉਹਨੂੰ ਗੁਲਾਮੀ ਦੇ ਆਪਣੇ ਸਮੇਂ ਦੌਰਾਨ ਤਰੱਕੀ ਕਰਨਾ ਜ਼ਰੂਰੀ ਸੀ।[13]

**ਆਇਤਾਂ 50-52.** ਜੇ ਕਿਸੇ (ਸਾਕ ਹੋਵੇ ਜਾਂ ਇਸਰਾਏਲੀ ਆਪ) ਨੇ ਛੁਟਕਾਰੇ ਦੇ ਹੱਕ ਦੀ ਵਰਤੋਂ

ਕਰਨੀ ਹੋਵੇ ਤਾਂ ਉਹਨੂੰ ਉਸ ਇਸਰਾਏਲੀ ਲਈ ਜਿਸ ਨੇ ਓਪਰੇ ਕੋਲ ਆਪਣੇ ਆਪ ਨੂੰ **ਵੇਚਿਆ** ਕਿੰਨੀ ਕੀਮਤ ਚੁਕਾਉਣੀ ਪੈਣੀ ਸੀ? ਜ਼ਮੀਨ ਦੇ ਛੁਡਾਉਣ ਲਈ ਵਰਤਿਆ ਜਾਣ ਵਾਲਾ ਨਿਯਮ ਵਿਅਕਤੀ ਦੇ **ਮੁੜਾਉਣ** ਲਈ ਵੀ ਲਾਗੂ ਹੋਣਾ ਸੀ। ਜਿਵੇਂ ਵੇਚੀ ਗਈ ਜ਼ਮੀਨ ਪੱਕੇ ਤੌਰ ਤੇ ਖ਼ਰੀਦਦਾਰ ਦੀ ਨਹੀਂ ਹੋਣੀ ਸੀ ਪਰ ਇਕ ਅਰਥ ਵਿਚ ਉਹਨੂੰ ਲੰਮੀ ਲੀਜ਼ ਤੇ ਦਿੱਤੀ ਜਾਣੀ ਸੀ, ਉਵੇਂ ਹੀ ਕਿਸੇ ਹੋਰ ਅੱਗੇ ਵੇਚਿਆ ਗਿਆ ਵਿਅਕਤੀ ਅਸਲ ਵਿਚ ਉਹਨੂੰ ਕਿਰਾਏ ਤੇ ਮਿਲਣਾ ਸੀ। ਉਹਨੇ ਆਪਣੀਆਂ ਸੇਵਾਵਾਂ ਕੁਝ ਖ਼ਾਸ ਸਮੇਂ ਤਕ ਦੇਣ ਦੇ ਨਾਲ-ਨਾਲ ਉਸ ਦੇ ਨਾਲ **ਮਜ਼ੂਰ** ਦੇ ਵਾਂਗ ਰਹਿਣ ਲਈ ਜਾਣਾ ਸੀ। ਉਹ ਖ਼ਰੀਦਦਾਰ ਲਈ ਗੁਲਾਮ ਦੇ ਰੂਪ ਵਿਚ ਸਿਰਫ਼ **ਅਨੰਦ ਦੇ ਵਰ੍ਹੇ ਤੀਕਰ** ਕੰਮ ਕਰ ਸਕਦਾ ਸੀ। ਉਸ ਸਮੇਂ ਉਹਨੇ ਛੁਡਾਏ ਜਾਣਾ ਸੀ ਅਤੇ ਆਪਣੇ ਪਰਿਵਾਰ ਕੋਲ ਮੁੜ ਜਾਣ ਲਈ ਅਜ਼ਾਦ ਹੋਣਾ ਸੀ।

ਅਜਿਹਾ ਹੁੰਦਾ ਸੀ, ਤਾਂ ਫਿਰ ਉਸ ਦੇ ਛੁਟਕਾਰੇ ਦਾ ਮੁੱਲ ਕਿਵੇਂ ਨਿਰਧਾਰਿਤ ਕੀਤਾ ਜਾਂਦਾ ਸੀ? ਜ਼ਮੀਨ ਵਾਂਗ ਹੀ ਕੀਮਤ ਅਗਲੇ ਅਨੰਦ ਤਕ ਰਹਿ ਗਏ **ਵਰ੍ਹਿਆਂ ਦੇ ਅਨੁਸਾਰ** ਤਹਿ ਕੀਤੀ ਜਾਂਦੀ ਸੀ। ਉਦਾਹਰਣ ਲਈ ਪੰਜਾਹ ਸਾਲ ਦੇ ਚੱਕਰ ਵਿਚ ਜੇ ਉਹਨੇ ਆਪਣੇ ਆਪ ਨੂੰ ਵੀਹਵੇਂ ਸਾਲ ਵਿਚ $3,000 ਵਿਚ ਵੇਚ ਦਿੱਤਾ, ਅਤੇ ਉਹ ਚੱਕਰ ਦੇ ਤੀਹਵੇਂ ਸਾਲ ਵਿਚ ਛੁਡਾਇਆ ਜਾਵੇ ਤਾਂ ਉਸ ਦੇ ਛੁਟਕਾਰੇ ਦੀ ਕੀਮਤ $2,000 ਹੋਣੀ ਸੀ। ਛੁਟਕਾਰੇ ਦੀ ਕੀਮਤ ਚੁਕਾਉਣ ਵਾਲੇ ਵਿਅਕਤੀ ਨੇ ਇਸਰਾਏਲੀ ਗੁਲਾਮ ਦੇ ਮਾਲਕ ਨੂੰ ਉਸ ਦੇ ਉਸ ਕੋਲ ਰਹਿੰਦੇ ਦਸ ਸਾਲਾਂ ਦੌਰਾਨ ਉਸ ਵੱਲੋਂ ਕੀਤੇ ਗਏ ਕੰਮ ਦੀ ਕੀਮਤ ਘਟਾ ਕੇ, ਚੁਕਾਉਣਾ ਹੁੰਦਾ ਸੀ।

**ਆਇਤ 53.** ਵਚਨ ਇਸ ਗੱਲ ਦੀ ਵਾਧੂ ਜਾਣਕਾਰੀ ਦਿੰਦਾ ਹੈ ਕਿ ਇਸਰਾਏਲੀ ਵਾਂਗ ਹੀ ਓਪਰੇ ਲਈ ਵੀ ਇਬਰਾਨੀ ਗੁਲਾਮ ਨਾਲ ਰਹਿਮਦਿਲੀ ਨਾਲ ਪੇਸ਼ ਆਉਣਾ ਜ਼ਰੂਰੀ ਸੀ। ਉਹਨੇ ਉਹਦੇ ਨਾਲ ਗੁਲਾਮ ਵਰਗਾ ਨਹੀਂ ਬਲਕਿ **ਵਰ੍ਹੇ ਦੇ ਠਹਿਰਾਏ ਹੋਏ ਮਜ਼ੂਰ ਵਰਗਾ** ਸਲੂਕ ਕਰਨਾ ਸੀ ਭਾਵ ਉਹਨੇ **ਉਸ ਦੇ ਨਾਲ ਅਨ੍ਹੇਰ** ਨਹੀਂ ਕਰਨਾ ਸੀ। ਇਹ ਧਿਆਨ ਵਿਚ ਰੱਖਦਿਆਂ ਕਿ ਪਰਾਹੁਣੇ ਜਾਂ ਓਪਰੇ ਜਿਸ ਦਾ ਕੋਈ ਇਸਰਾਏਲੀ ਗੁਲਾਮ ਹੋਵੇ ਨਾਲ ਸਬੰਧਿਤ ਇਹ ਸੰਦੇਸ਼ ਸੀ, ਕੋਈ ਹੈਰਾਨ ਹੋ ਸਕਦਾ ਹੈ, ''ਕਿਸੇ ਓਪਰੇ ਨੂੰ ਜਿਸ ਨੇ ਪੂਰੀ ਤਰ੍ਹਾਂ ਨਾਲ ਇਸਰਾਏਲ ਦੇ ਵਿਸ਼ਵਾਸ ਨੂੰ ਨਾ ਮੰਨਿਆ ਹੋਵੇ ਇਨ੍ਹਾਂ ਨਿਯਮਾਂ ਨੂੰ ਮੰਨਣ ਦਾ ਕੀ ਫ਼ਾਇਦਾ ਹੋਣਾ ਸੀ?'' ਸਚਿਆਈ ਇਹ ਹੈ ਕਿ ਇਨ੍ਹਾਂ ਓਪਰਿਆਂ ਜਾਂ ਪਰਾਹੁਣਿਆਂ ਨੂੰ ਇਸਰਾਏਲੀਆਂ ਦੇ ਵਿਚਕਾਰ ਖ਼ੁਦਾ ਦੀ ਕਿਰਪਾ ਨਾਲ ਹੀ ਰਹਿਣ ਦੀ ਇਜਾਜ਼ਤ ਸੀ, ਜਿਨ੍ਹਾਂ ਨਾਲ ਇਸਰਾਏਲੀਆਂ ਨੂੰ ਚੰਗਾ ਸਲੂਕ ਕਰਨਾ ਜ਼ਰੂਰੀ ਸੀ। ਬਦਲੇ ਵਿਚ ਉਨ੍ਹਾਂ ਤੋਂ ਇਸਰਾਏਲ ਦੇ ਨਿਯਮਾਂ ਨੂੰ ਮੰਨਣ ਦੀ ਉਮੀਦ ਕੀਤੀ ਜਾਂਦੀ ਸੀ। ਉਨ੍ਹਾਂ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਭਾਵ ਉਦਾਹਰਣ ਲਈ ਜੇ ਉਹ ਉਨ੍ਹਾਂ ਨਿਯਮਾਂ ਨੂੰ ਜਿਹੜੇ ਇਸਰਾਏਲੀ ਗੁਲਾਮ ਉੱਤੇ ਲਾਗੂ ਹੁੰਦੇ ਸਨ ਦੀ ਉਲੰਘਣਾ ਕਰਦੇ ਤਾਂ ਉਨ੍ਹਾਂ ਨੇ ਇਸਰਾਏਲ ਵਿਚ ਰਹਿਣ ਦੇ ਆਪਣੇ ਵਿਸ਼ੇਸ਼ ਅਧਿਕਾਰ ਤੋਂ ਹੱਥ ਧੋ ਬੈਠਣਾ ਸੀ। ਉਨ੍ਹਾਂ ਕੋਲ ਆਪਣੇ ਇਸਰਾਏਲੀ ਗੁਲਾਮਾਂ ਨਾਲ ਸਬੰਧਿਤ ਖ਼ੁਦਾ ਦੇ ਹੁਕਮ ਨੂੰ ਮੰਨਣ ਦਾ ਚੰਗਾ ਕਾਰਣ ਸੀ।

**ਆਇਤ 54.** ਗੈਰ-ਇਸਰਾਏਲੀ ਮਾਲਕ ਦੇ ਇਸਰਾਏਲੀ ਗੁਲਾਮ ਨਾਲ ਸਬੰਧਿਤ ਇਕ ਹੋਰ ਸੰਭਾਵਨਾ ਇਹ ਸੀ ਕਿ ਕੋਈ ਵੀ, ਭਾਵ ਨਾ ਤਾਂ ਉਹ ਆਪ ਅਤੇ ਨਾ ਉਸ ਦਾ ਕੋਈ ਸਾਕ, ਉਹਨੂੰ ਉਸਦੇ ਮਾਲਕ ਨੂੰ ਛੁਟਕਾਰੇ ਦੀ ਕੀਮਤ ਦੇ ਸਕਦਾ ਸੀ। ਅਜਿਹੀ ਹਾਲਤ ਵਿਚ **ਅਨੰਦ ਦੇ ਵਰ੍ਹੇ** ਦੇ ਆਉਣ ਤੇ ਉਹਨੂੰ ਬਿਲਕੁਲ ਉਵੇਂ ਜਿਵੇਂ ਬਾਕੀ ਦੇ ਸਾਰੇ ਇਸਰਾਏਲੀ ਗੁਲਾਮਾਂ ਨੂੰ, ਅਜ਼ਾਦ ਹੋ ਕੇ ਆਪਣੇ ਪਰਿਵਾਰ ਵਿਚ ਵਾਪਸ ਜਾਣ ਦੀ ਇਜਾਜ਼ਤ ਹੋਣੀ ਸੀ। ਛੁਟਕਾਰੇ, ਰਿਹਾਈ ਅਤੇ ਅਨੰਦ ਦੇ ਨਿਯਮ ਪਰਾਹੁਣਿਆਂ (ਓਪਰਿਆਂ ਜਾਂ ਪਰਦੇਸੀਆਂ) ਉੱਤੇ ਜਿਨ੍ਹਾਂ ਦੇ ਦੇਸ਼ ਵਿਚ ਗੁਲਾਮ ਹੁੰਦੇ ਸਨ, ਉਵੇਂ ਹੀ ਲਾਗੂ ਹੁੰਦੇ ਸਨ ਜਿਵੇਂ ਇਸਰਾਏਲੀਆਂ ਉੱਤੇ।

**ਆਇਤ 55.** ਖ਼ੁਦਾ ਨੇ ਆਪਣੇ ਲੋਕਾਂ ਨੂੰ ਇਹ ਯਾਦ ਕਰਾਉਂਦਿਆਂ ਕਿ ਉਹਨੂੰ ਇਸ ਗੱਲ ਦੀ

ਪਰਵਾਹ ਕਿਉਂ ਸੀ ਕਿ ਗੁਲਾਮੀ ਵਿਚ ਵੇਚੇ ਗਏ ਲੋਕਾਂ ਨੂੰ ਉਸ ਸਮੇਂ ਰਿਹਾਅ ਕੀਤਾ ਜਾਵੇ, ਅਨੰਦ ਦੇ ਵਰ੍ਹੇ ਵਿਚ ਛੁਟਕਾਰੇ ਨਾਲ ਸਬੰਧਿਤ ਆਪਣੇ ਨਿਯਮਾਂ ਦੀ ਸਮਾਪਤੀ ਕੀਤੀ ਕਿਉਂ ਜੋ ਉਹ ਉਸ ਦੇ ਸਨ। ਉਹ ਸਿਰਫ਼ ਉਨ੍ਹਾਂ ਲੋਕਾਂ ਦੇ ਗੁਲਾਮ ਜਾਂ ਨੌਕਰ ਨਹੀਂ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਖ਼ਰੀਦਿਆ ਸੀ; ਬਲਕਿ ਉਹ ਉਸ ਦੇ **ਟਹਿਲੂਏ** ਸਨ ਜਿਸ ਨੇ ਉਨ੍ਹਾਂ ਨੂੰ **ਮਿਸਰ** ਦੀ ਗੁਲਾਮੀ ਵਿੱਚੋਂ ਕੱਢਿਆ ਸੀ।

## ਅਧਿਆਇ 25 ਵਿਚ ਇਸਰਾਏਲੀਆਂ ਵੱਲੋਂ ਇਨ੍ਹਾਂ ਵਿਸ਼ੇਸ਼ ਵਰ੍ਹਿਆਂ ਦਾ ਮਨਾਇਆ ਜਾਣਾ

ਸੱਬਤ ਦੇ ਵਰ੍ਹੇ ਅਤੇ ਅਨੰਦ ਦੇ ਵਰ੍ਹੇ ਦੋਹਾਂ ਦੇ ਦਿਲਕਸ਼ ਪਹਿਲੂ ਸਨ। ਉਨ੍ਹਾਂ ਨਾਲ ਰਚਨਾਤਮਕ, ਖੁਸ਼ਹਾਲ ਹਮਦਰਦੀ ਭਰੇ ਅਤੇ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਸਮਾਜ ਨੂੰ ਬਨਾਉਣ ਵਿਚ ਮਦਦ ਮਿਲਣੀ ਸੀ। ਪਰ ਭਲਾ ਯਹੂਦੀਆਂ ਨੇ ਸਚਮੁਚ ਉਨ੍ਹਾਂ ਨੂੰ ਮੰਨਿਆ ਜਾਂ ਛੇਤੀ ਹੀ ਇਨ੍ਹਾਂ ਨਿਯਮਾਂ ਨੂੰ ਭੁਲਾ ਦਿੱਤਾ ਗਿਆ? ਉਨ੍ਹਾਂ ਵੱਲੋਂ ਸ਼ੁਰੂ ਵਿਚ ਉਸ ''ਸਭ'' ਨੂੰ ਕਰਨ ਦੇ ਵਾਅਦੇ ਦੇ ਬਾਵਜੂਦ ਜਿਸ ਦਾ ਖ਼ੁਦਾ ਨੇ ਹੁਕਮ ਦਿੱਤਾ ਸੀ (ਕੂਚ 19:8), ਇਸਰਾਏਲੀ ਆਮ ਤੌਰ ਤੇ ਖ਼ੁਦਾ ਦੇ ਨਿਯਮਾਂ ਨੂੰ ਭੁੱਲ ਜਾਂਦੇ, ਨਜ਼ਰਅੰਦਾਜ਼ ਕਰਦੇ ਜਾਂ ਬੁਰੀ ਤਰ੍ਹਾਂ ਨਾਲ ਉਨ੍ਹਾਂ ਦੀ ਉਲੰਘਣਾ ਕਰਦੇ ਸਨ।

ਭਾਵੇਂ ਬਾਕੀ ਦੇ ਪੁਰਾਣੇ ਨੇਮ ਵਿਚ ਇਨ੍ਹਾਂ ਪਵਿੱਤਰ ਪਰਬਾਂ ਦੀ ਵੱਡੀ ਭੂਮਿਕਾ ਨਹੀਂ ਹੈ ਪਰ ਕੁਝ ਸਬੂਤ ਹਨ, ਜੋ ਦੱਸਦੇ ਹਨ ਕਿ ਯਹੂਦੀ ਲੋਕ ਉਨ੍ਹਾਂ ਨੂੰ ਮੰਨਦੇ ਸਨ। ਲਾਰੰਸ ਐੱਚ. ਸ਼ਿੱਪਮੈਨ ਨੇ ਲਿਖਿਆ ਹੈ:

> ਦੂਜੀ ਹੈਕਲ ਦੇ ਸਮਿਆਂ ਵਿਚ ਸੱਬਤ ਦੇ ਵਰ੍ਹੇ ਦੇ ਮਨਾਏ ਜਾਣਾ (ਪੰਜਵੀਂ ਸਦੀ ਈ. ਪੂ.ਦੇ ਅਖ਼ੀਰ – 70 ਈ) ਦੀ ਤਸਦੀਕ [ਨਹਮਯਾਹ10:31] ਅਤੇ [1 ਮੱਕਾਬੀਆਂ 6:49, 53] ਵਿਚ ਹੁੰਦੀ ਹੈ ਅਤੇ ਜੂਲੀਅਸ ਸੀਜ਼ਰ ਨੇ ਸੱਬਤ ਦੇ ਵਰ੍ਹੇ ਵਿਚ ਯਹੂਦੀਆਂ ਨੂੰ ਟੈਕਸਾਂ ਤੋਂ ਛੂਟ ਦੀ ਤਸਦੀਕ ਕੀਤੀ (ਜੋਸੇਫ਼ਸ *ਐਂਟੀਕੁਇਟੀਜ਼* 14.202)।[14]

ਨਹਮਯਾਹ ਵਿਚਲੇ ਹਵਾਲੇ ਤੋਂ ਛੁੱਟ ਤੁਰੇਤ ਦੀਆਂ ਅਗਲੀਆਂ ਕਿਤਾਬਾਂ ਵਿਚ ਸੱਬਤ ਦੇ ਵਰ੍ਹੇ ਅਤੇ ਅਨੰਦ ਦੇ ਵਰ੍ਹੇ ਦਾ ਖ਼ਾਸ ਤੌਰ ਤੇ ਜ਼ਿਕਰ ਨਹੀਂ ਹੈ; ਪਰ ਜਿਵੇਂ ਕਿ ਆਰ. ਕੇ. ਹੈਰਿਸਨ ਨੇ ਦੱਸਿਆ ਹੈ, ਮੂਸਾ ਦੀ ਸ਼ਰ੍ਹਾ ਵਿਚ ਦੱਸੇ ਗਏ ਜ਼ਿਆਦਾਤਰ ਯਹੂਦੀ ਪਰਬਾਂ ਦੀ ਗੱਲ ਵੀ ਨਹੀਂ ਕੀਤੀ ਗਈ ਹੈ। ਉਹਨੇ ਕਿਹਾ ਕਿ ਇਸ ਗੱਲ ਦੀ ''ਸਭ ਤੋਂ ਸੰਭਵ ਵਿਆਖਿਆ'' ਇਹ ਹੈ ਕਿ ''ਇਹ ਮੌਕੇ ਕੌਮੀ ਜ਼ਿੰਦਗੀ ਦਾ ਐਨਾ ਕੁ ਆਮ ਹਿੱਸਾ ਸਨ ਕਿ ਉਨ੍ਹਾਂ ਨੂੰ ਮੰਨ ਲਿਆ ਜਾਂਦਾ ਹੈ ਕਿ ਇਵੇਂ ਹੀ ਹੈ ਅਤੇ ਇਸ ਕਰਕੇ ਉਨ੍ਹਾਂ ਨੂੰ ਖ਼ਾਸ ਤੌਰ ਤੇ ਉਨ੍ਹਾਂ ਦਾ ਜ਼ਿਕਰ ਅਲਹਿਦਾ ਤੌਰ ਤੇ ਨਹੀਂ ਕੀਤਾ ਜਾਂਦਾ।''[15]

ਇਸ ਕਰਕੇ ਸਾਨੂੰ ਇਹ ਨਿਚੋੜ ਕੱਢਣਾ ਚਾਹੀਦਾ ਹੈ ਕਿ ਖ਼ੁਦਾ ਵੱਲੋਂ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਇਨ੍ਹਾਂ ਵਰ੍ਹਿਆਂ ਨਾਲ ਸਬੰਧਿਤ ਨਿਯਮ ਦਿੱਤੇ ਜਾਣ ਤੋਂ ਬਾਅਦ, ਲੋਕ ਉਨ੍ਹਾਂ ਨੂੰ ਮੰਨਦੇ ਰਹੇ, ਭਾਵੇਂ, ਤੁਰੇਤ ਦੇ ਹੋਰਨਾਂ ਹੁਕਮਾਂ ਵਾਂਗ ਉਹ ਕਈ ਵਾਰ ਉਨ੍ਹਾਂ ਨੂੰ ਮੰਨਣ ਵਿਚ ਲਾਪਰਵਾਹੀ ਵੀ ਕਰਦੇ ਹੋਣਗੇ ਜਾਂ ਬਿਲਕੁਲ ਉਵੇਂ ਜਿਵੇਂ ਖ਼ੁਦਾ ਨੇ ਹੁਕਮ ਦਿੱਤਾ ਸੀ ਮੰਨਣ ਵਿਚ ਨਾਕਾਮ ਰਹਿੰਦੇ ਹੋਣਗੇ। ਬਾਈਬਲ ਦੀ ਵਿਆਖਿਆ ਕਰਨ ਵਾਲੇ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਖ਼ੁਦਾ ਵੱਲੋਂ ਸ਼ਰ੍ਹਾ ਦਿੱਤੇ ਜਾਣ ਦਾ ਮਤਲਬ ਇਹ ਨਹੀਂ ਹੈ ਕਿ ਉਹਨੂੰ ਹਮੇਸ਼ਾ ਸਹੀ ਢੰਗ ਨਾਲ ਸਮਝਿਆ ਜਾਵੇਗਾ।

## ਪ੍ਰਸੰਗਿਕਤਾ

### ਮੂਸਾ ਦੀ ਸ਼ਰ੍ਹਾ ਅਤੇ ਆਰਥਿਕ ਬਰਾਬਰੀ (25:8-55)

ਇਸ ਵਿਚ ਕੋਈ ਸ਼ੱਕ ਨਹੀਂ ਕਿ ਜ਼ਮੀਨ ਨੂੰ ਹਰ ਪੰਜਾਹ ਸਾਲਾਂ ਬਾਅਦ ਇਸ ਦੇ ਅਸਲ ਮਾਲਕਾਂ

ਨੂੰ ਮੋੜ ਦੇਣ ਦਾ ਨਿਯਮ ਇਸਰਾਏਲ ਵਿਚ ਸਮਾਜਿਕ ਅਰਥਿਕ ਬਰਾਬਰੀ ਨੂੰ ਵਧਾਵਾ ਦਿੰਦਾ ਹੋਵੇਗਾ। ਭਲਾ ਇਸ ਨਾਲ ਇਹ ਨਿਚੋੜ ਕੱਢ ਲਿਆ ਜਾਵੇ ਕਿ ਖ਼ੁਦਾ ਇਸਰਾਏਲੀਆਂ ਨੂੰ ਅਜਿਹਾ ਸਮਾਜ ਬਨਾਉਣ ਦਾ ਹੁਕਮ ਦੇ ਰਿਹਾ ਸੀ ਜਿਸ ਵਿਚ ਹਰ ਕੋਈ ਆਰਥਿਕ ਤੌਰ ਤੇ ਬਰਾਬਰ ਹੋਵੇ?

ਜਵਾਬ ''ਨਾ'' ਹੋਵੇਗਾ। ਚੋਰੀ ਦੀ ਮਨਾਹੀ ਕਰਕੇ ਸ਼ਰ੍ਹਾ ਨੇ ਜਾਇਦਾਦ ਦੀ ਨਿੱਜੀ ਮਲਕੀਅਤ ਦੀ ਰਾਖੀ ਕੀਤੀ। ਇਸ ਨੇ ਉਨ੍ਹਾਂ ਦੇ ਜ਼ਿੰਦਾ ਰਹਿਣ ਲਈ ਇੰਤਜ਼ਾਮ ਕਰਦੇ ਮੰਨਿਆ ਕਿ ਕੁਝ ਲੋਕ ਗ਼ਰੀਬ ਹੋਣਗੇ। ਨਾਲੇ ਗੋਤਰਾਂ ਨੂੰ ਉਨ੍ਹਾਂ ਦੀ ਜ਼ਮੀਨ ਮਿਲਣ ਵੇਲੇ ਇਸਰਾਏਲੀ ਬਰਾਬਰ ਨਹੀਂ ਸਨ। ਭਾਵੇਂ ਉਨ੍ਹਾਂ ਨੂੰ ਇੱਕੋ ਜਿਹੀ ਜ਼ਮੀਨ ਮਿਲੀ ਸੀ (ਜਿਸ ਬਾਰੇ ਸ਼ੱਕ ਹੈ), ਪਰ ਉਨ੍ਹਾਂ ਦੇ ਇਲਾਕੇ ਵੱਖੋ-ਵੱਖ ਸਨ। ਕਈ ਖੇਤ ਦੂਜਿਆਂ ਨਾਲੋਂ ਉਪਜਾਊ ਹੁੰਦੇ ਹੋਣਗੇ ਅਤੇ ਕਈ ਕਿਸਾਨ ਦੂਜਿਆਂ ਨਾਲੋਂ ਵੱਧ ਸਫ਼ਲ ਹੁੰਦੇ ਹੋਣਗੇ। ਅਨੰਦ ਤੋਂ ਪਹਿਲਾਂ ਅਤੇ ਬਾਅਦ ਵਿਚ ਸ਼ਰ੍ਹਾ ਨੇ ਇਹ ਮੰਨ ਲਿਆ ਕਿ ਸਮਾਜ ਵਿਚ ਹਮੇਸ਼ਾ ਕੁਝ ਲੋਕ ਹੋਣੇ ਸਨ ਜਿਹੜੇ ਅਮੀਰ ਸਨ ਅਤੇ ਕੁਝ ਗ਼ਰੀਬ ਸਨ।

ਅਨੰਦ ਦੇ ਨਿਯਮਾਂ ਨਾਲ ਸਮਾਜ ਵਧੇਰੇ ਬਰਾਬਰ ਬਣ ਗਿਆ ਪਰ ਪੂਰੀ ਤਰ੍ਹਾਂ ਨਾਲ ਬਰਾਰਬ ਨਹੀਂ ਸੀ। ਸ਼ਰ੍ਹਾ ਦੀ ਚਿੰਤਾ ਹਰ ਕਿਸੇ ਨੂੰ ਬਰਾਬਰ ਬਨਾਉਣਾ ਨਹੀਂ ਪਰ ਜ਼ਿੰਦਾ ਰਹਿਣ ਲਈ ਹਰ ਕਿਸੇ ਲਈ ਸਾਧਨ ਜੁਟਾਉਣਾ ਸੀ। ਇਸ ਮਕਸਦ ਨੂੰ ਹਾਸਲ ਕੀਤਾ ਜਾ ਸਕਦਾ ਸੀ ਜੇ ਅਮੀਰ ਗ਼ਰੀਬਾਂ ਦੇ ਪ੍ਰਤੀ ਉਦਾਰ ਅਤੇ ਤਰਸਵਾਨ ਹੁੰਦੇ।

**''ਛੁਟਕਾਰੇ ਦਾ ਹੋਕਾ''** (25: 10)

ਖ਼ੁਦਾ ਨੇ ਮੂਸਾ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਕਹੇ,

> ''ਅਤੇ ਤੁਸਾਂ ਪੰਜਾਹਵੇਂ ਵਰਹੇ ਨੂੰ ਪਵਿੱਤਰ ਰੱਖਣਾ ਅਤੇ ਦੇਸ ਦਿਆਂ ਸਾਰਿਆਂ ਵਾਸੀਆਂ ਦੇ ਲਈ ਛੁਟਕਾਰੇ ਦਾ ਹੋਕਾ ਦੇਣਾ। ਇਹ ਤੁਹਾਡੇ ਲਈ ਅਨੰਦ ਹੋਵੇਗਾ: ਤੁਸਾਂ ਆਪੋ ਆਪਣੀ ਪੱਤੀ ਵਿੱਚ ਮੁੜ ਜਾਣਾ ਅਤੇ ਤੁਸਾਂ ਆਪੋ ਆਪਣੇ ਟੱਬਰਾ ਵਿੱਚ ਮੁੜ ਜਾਣਾ'' (25: 10; NRSV)।

ਇਹ ਆਇਤ ਅਨੰਦ ਦੇ ਵਰ੍ਹੇ ਦੇ ਬੁਨਿਆਦੀ ਤੱਥਾਂ ਬਾਰੇ ਦੱਸਦੀ ਹੈ। ਇਹ ਪੰਜਾਹਵੇਂ ਵਰ੍ਹੇ ਹੁੰਦਾ ਸੀ ਅਤੇ ਇਸ ਨੂੰ ਯਹੋਵਾਹ ਦੇ ਲਈ ''ਪਵਿੱਤਰ'' ਮੰਨਿਆ ਜਾਣਾ ਜ਼ਰੂਰੀ ਸੀ। ਅਤੇ ਇਹ ਉਹ ਸਮਾਂ ਹੁੰਦਾ ਸੀ ਜਦੋਂ ''ਛੁਟਕਾਰੇ'' (''ਰਿਹਾਈ''; NASB) ਦਾ ਐਲਾਨ ਕੀਤਾ ਜਾਂਦਾ ਸੀ। ਇਹ ਛੁਟਕਾਰਾ ਜ਼ਮੀਨ ਲਈ ਹੁੰਦਾ ਸੀ, ਕਿਉਂ ਜੋ ਜ਼ਮੀਨ ਉਸ ਦੇ ਅਸਲ ਮਾਲਕਾਂ ਨੂੰ ਮੋੜ ਦਿੱਤੀ ਜਾਂਦੀ ਸੀ। ਇਹ ਲੋਕਾਂ ਲਈ ਵੀ ਸੀ, ਕਿਉਂ ਜੋ ਗੁਲਾਮਾਂ ਨੂੰ ਅਜ਼ਾਦ ਕਰਕੇ ਉਨ੍ਹਾਂ ਨੂੰ ਆਪੋ ਆਪਣੇ ਘਰਾਂ ਵਿਚ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ।

''ਛੁਟਕਾਰੇ ਦਾ ਹੋਕਾ ਦਿਓ!'' ਇਹ ਵਿਚਾਰ ਸਾਡਾ ਧਿਆਨ ਖਿੱਚਦਾ ਹੈ। ਹਰ ਕੋਈ ਅਜ਼ਾਦੀ ਮਾਣਨਾ ਚਾਹੁੰਦਾ ਹੈ; ਅਸੀਂ ਸਭ ਅਜ਼ਾਦ ਹੋਣਾ ਚਾਹੁੰਦੇ ਹਾਂ!

ਅਜ਼ਾਦੀ ਦੀ ਮਨੁੱਖ ਦੇ ਮਨ ਦੀ ਇੱਛਾ ਨੂੰ ਇਕ ਉਦਾਹਰਣ ਦੇ ਰੂਪ ਵਿਚ ਉੱਤਰੀ ਅਮਰੀਕਾ ਦੇ ਮਹਾਂਦੀਪ ਤੇ ਤਕਰੀਬਨ 250 ਸਾਲ ਪਹਿਲਾਂ ਜੋ ਕੁਝ ਹੋਇਆ ਉਸ ਤੇ ਵਿਚਾਰ ਕਰੋ। ਇੰਗਲੈਂਡ ਦੀਆਂ ਬਸਤੀਆਂ ਵਿਚ ਰਹਿੰਦੇ ਲੋਕਾਂ ਨੇ ਫ਼ੈਸਲਾ ਕੀਤਾ ਕਿ ਉਹ ਅਜ਼ਾਦ ਹੋਣਾ ਚਾਹੁੰਦੇ ਹਨ। ਉਨ੍ਹਾਂ ਦੀ ਇਹ ਇੱਛਾ ਪੈਟ੍ਰਿਕ ਹੈਨਰੀ ਦੇ ਰਾਹੀਂ ਜਤਾਈ ਗਈ ਜਿਸ ਨੇ ਇਕ ਭਾਸ਼ਣ ਦੌਰਾਨ ਐਲਾਨ ਕੀਤਾ, ''ਮੈਨੂੰ ਅਜ਼ਾਦੀ ਦਿਓ, ਜਾਂ ਮੌਤ ਦਿਓ!'' ਜੁਲਾਈ 4, 1776 ਵਾਲੇ ਦਿਨ ਦੀਆਂ ਬਸਤੀਆਂ ਵਿਚ ਰਹਿਣ ਵਾਲਿਆਂ ਦੀ ਬੇਚੈਨੀ ਦੇ ਕਾਰਣ ਇੰਗਲੈਂਡ ਦੀਆਂ ਤੇਰਾਂ ਬਸਤੀਆਂ ਦੇ ਨੁਮਾਇੰਦਿਆਂ ਨੇ ਇੰਗਲੈਂਡ ਤੋਂ ਆਪਣੀ ਅਜ਼ਾਦੀ ਦਾ ਐਲਾਨ ਕਰਦਿਆਂ ਅਜ਼ਾਦੀ ਦੇ ਐਲਾਨ ਤੇ ਦਸਤਖ਼ਤ ਕਰ ਦਿੱਤੇ। ਇਸ ਦੇ ਬਾਅਦ ਕਈ ਸਾਲ ਤਕ ਖ਼ੂਨ ਖ਼ਰਾਬਾ ਹੋਇਆ ਪਰ ਅਖ਼ੀਰ ਵਿਚ ਅਮਰੀਕਾ ਅਜ਼ਾਦੀ ਦੀ ਆਪਣੀ

ਜੰਗ ਤੋਂ ਉੱਭਰ ਕੇ ਇਕ ਅਜ਼ਾਦ ਮੁਲਕ ਬਣ ਗਿਆ! ਉਸ ਵਕਤ ਦੇ ਮੁਨਾਦ ਲੇਵੀਆਂ 25:10 ਵਿਚਲੇ ਸ਼ਬਦਾਂ ਨੂੰ ਪੁਕਾਰ ਸਕਦੇ ਹੋਣਗੇ: ''ਦੇਸ ਦਿਆਂ ਸਾਰਿਆ ਵਾਸੀਆਂ ਦੇ ਲਈ ਛੁਟਕਾਰੇ ਦਾ ਹੋਕਾ ਦਿਓ'' (NRSV)। ਉਦੋਂ ਤੋਂ ਲੈ ਕੇ ਅਮਰੀਕੀ ਲੋਕ ਚਾਰ ਜੁਲਾਈ ਵਾਲੇ ਦਿਨ ਆਪਣੀ ਅਜ਼ਾਦੀ ਜਾਂ ਆਪਣੇ ਛੁਟਕਾਰੇ ਨੂੰ ਮਨਾਉਂਦੇ ਹਨ।

*ਛੁਟਕਾਰੇ ਦਾ ਹੋਕਾ ਦਿਓ: ਯਿਸੂ ਮਸੀਹ ਦੇ ਰਾਹੀਂ।* ਇਕ ਅਰਥ ਵਿਚ ਇਕ ਹੋਰ ਇਤਹਾਸਕ ਘਟਨਾ ਜਦ ਅਜ਼ਾਦੀ ਦਾ ਹੋਕਾ ਦਿੱਤਾ ਗਿਆ, ਦੋ ਹਜ਼ਾਰ ਸਾਲ ਪਹਿਲਾਂ ਵਾਪਰੀ। ਇਕ ਫ਼ਰਿਸ਼ਤਾ ਬੈਤਲਹਮ ਨਗਰ ਦੇ ਨੇੜੇ ਗਡਰੀਆਂ ਉੱਤੇ ਪ੍ਰਗਟ ਹੋਇਆ ਅਤੇ ਆਖਣ ਲੱਗਾ, ''ਮੈਂ ਤੁਹਾਨੂੰ ਵੱਡੀ ਖੁਸ਼ੀ ਦੀ ਖਬਰ ਸੁਣਾਉਂਦਾ ਹਾਂ ਜੋ ਸਾਰੀ ਪਰਜਾ ਦੇ ਲਈ ਹੋਵੇਗੀ। ਭਈ ਦਾਊਦ ਦੇ ਨਗਰ ਵਿਚ ਅੱਜ ਤੁਹਾਡੇ ਲਈ ਇਕ ਮੁਕਤੀ ਦਾਤਾ ਪੈਦਾ ਹੋਇਆ, ਜਿਹੜਾ ਮਸੀਹ ਪ੍ਰਭੂ ਹੈ।'' ਉਸ ਤੋਂ ਬਾਅਦ ਫ਼ਰਿਸ਼ਤੇ ਗਾਉਣ ਲੱਗੇ, ''ਪਰਮਧਾਮ ਵਿਚ ਪਰਮੇਸ਼ੁਰ ਦੀ ਵਡਿਆਈ, ਅਤੇ ਧਰਤੀ ਉੱਤੇ ਸ਼ਾਂਤੀ ਉਨ੍ਹਾਂ ਲੋਕਾਂ ਵਿਚ ਜਿਨ੍ਹਾਂ ਨਾਲ ਉਹ ਪਰਸਿੰਨ ਹੈ'' (ਲੂਕਾ 2:10, 11, 14)।

ਯਿਸੂ ਦੇ ਜਨਮ ਨਾਲ ਛੁਟਕਾਰੇ ਦੇ ਐਲਾਨ ਦੇ ਸਮੇਂ ਦਾ ਸੰਕੇਤ ਦਿੱਤਾ ਗਿਆ ਕਿਉਂ ਜੋ ਉਹ ਧਰਤੀ ਉੱਤੇ ਲੋਕਾਂ ਨੂੰ ਅਜ਼ਾਦ ਕਰਾਉਣ ਲਈ ਆਇਆ ਸੀ! ਆਪਣੀ ਸੇਵਕਾਈ ਦੀ ਸ਼ੁਰੂਆਤ ਦੇ ਥੋੜ੍ਹੀ ਦੇਰ ਬਾਅਦ, ਨਾਸਰਤ ਦੇ ਸਿਨਾਗੋਗ *[ਸਮਾਜ ਮੰਦਰ]* ਵਿਚ ਉਹਨੇ ਯਸਾਯਾਹ ਦੀ ਪੁਸਤਕ ਵਿੱਚੋਂ ਇਹ ਹਵਾਲਾ ਪੜ੍ਹਿਆ: ''ਉਸ ਨੇ ਮੈਨੂੰ ਮਸਹ ਕੀਤਾ ਭਈ ਗ਼ਰੀਬਾਂ ਨੂੰ ਖੁਸ਼ਖਬਰੀ ਸੁਣਾਵਾਂ। . . . ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ।'' ਫਿਰ ਉਹਨੇ ਆਖਿਆ, ''ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿਚ ਪੂਰੀ ਹੋਈ ਹੈ'' (ਲੂਕਾ 4:18, 21; ਵੇਖੋ ਯਸਾਯਾਹ 61:1, 2)। ਦੂਜੇ ਸ਼ਬਦਾਂ ਵਿਚ ਯਹੂਦੀ ਲੋਕ ਇਕ ਮਸੀਹਾ ਦੀ ਉਡੀਕ ਵਿਚ ਸਨ ਜਿਸ ਨੇ ਉਨ੍ਹਾਂ ਨੂੰ ਅਜ਼ਾਦ ਕਰਾਉਣਾ ਸੀ; ਅਤੇ ਯਿਸੂ ਨੇ ਆਖਿਆ, ''ਮੈਂ ਹੀ ਹਾਂ ਜਿਹੜਾ ਤੁਹਾਨੂੰ ਛੁਟਕਾਰਾ ਦੁਆਉਣ ਦਾ ਐਲਾਨ ਕਰਨ ਲਈ ਆਇਆ ਹਾਂ!''

ਯਿਸੂ ਨੇ ਆਪਣੀ ਇਸ ਗੱਲ ਨੂੰ ਹੋਰ ਵੀ ਮੁਖਰ ਹੋ ਕੇ ਆਖਿਆ ਜਦ ਉਹਨੇ ਬਾਅਦ ਵਿਚ ਕਿਹਾ ਕਿ ਤੁਸੀਂ ''ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ'' (ਯੂਹੰਨਾ 8:32)। ਯਿਸੂ ਨੇ ਆਪ ''ਸਚਿਆਈ'' ਹੋਣ ਦਾ ਦਾਅਵਾ ਕੀਤਾ (ਯੂਹੰਨਾ 14:6)। ਅਜ਼ਾਦ ਹੋਣ ਲਈ, ਯਿਸੂ ਵੱਲ ਮੁੜਨਾ ਅਤੇ ਜੋ ਉਹਨੇ ਕਿਹਾ ਉਹਨੂੰ ਸੁਣ ਕੇ ਉਸ ਦੀਆਂ ਗੱਲਾਂ ਨੂੰ ਮੰਨਣਾ ਜ਼ਰੂਰੀ ਹੈ। ਜਦ ਕੋਈ ਯਿਸੂ ਦੀ ਸਚਿਆਈ ਨੂੰ ਸੁਣ ਕੇ ਉਹਨੂੰ ਮੰਨਦਾ ਹੈ, ਤਾਂ ਉਹ ਸਚਿਆਈ ਉਹਨੂੰ ਅਜ਼ਾਦ ਕਰ ਦਿੰਦੀ ਹੈ!

*ਛੁਟਕਾਰੇ ਦਾ ਹੋਕਾ ਦਿਓ: ਪਾਪ ਤੋਂ।* ਯੂਹੰਨਾ 8:32 ਦਾ ਕਥਨ ਇਕ ਸਵਾਲ ਖੜਾ ਕਰਦਾ ਹੈ ਕਿ ''ਕਿਸ ਤੋਂ ਅਜ਼ਾਦੀ?'' ਯਹੂਦੀ ਲੋਕ ਇਹ ਨਹੀਂ ਸਮਝੇ ਸਨ ਕਿ ਯਿਸੂ ਕੀ ਕਹਿ ਰਿਹਾ ਹੈ। ਉਹ ਰੋਮੀ ਹਕੂਮਤ ਤੋਂ ਅਜ਼ਾਦੀ ਚਾਹੁੰਦੇ ਸਨ। ਪਰ ਯਿਸੂ ਦੁਨਿਆਵੀ ਮਾਲਕਾਂ ਤੋਂ ਲੋਕਾਂ ਨੂੰ ਅਜ਼ਾਦ ਕਰਨ ਦੀ ਗੱਲ ਨਹੀਂ ਕਰਦਾ ਸੀ। ਨਵੇਂ ਨੇਮ ਦੇ ਸਮਿਆਂ ਵਿਚ ਜਦ ਗੁਲਾਮ ਮਸੀਹੀ ਬਣ ਜਾਂਦੇ ਸਨ, ਤਾਂ ਉਹ ਗੁਲਾਮ ਹੀ ਰਹਿੰਦੇ ਸਨ (ਗਲਾਤੀਆਂ 3:26–28) ਪਰ ਰੂਹਾਨੀ ਤੌਰ ਤੇ ਉਹ ਅਜ਼ਾਦ ਹੋ ਜਾਂਦੇ ਸਨ। ਜਿਹੜੀ ਗੱਲ ਯਹੂਦੀਆਂ ਨੂੰ ਸਮਝ ਨਹੀਂ ਆਈ ਅਤੇ ਜਿਸ ਨੂੰ ਅੱਜ ਬਹੁਤ ਸਾਰੇ ਲੋਕ ਨਹੀਂ ਸਮਝਦੇ, ਕਿ ਹਰ ਵਿਅਕਤੀ, ਭਾਵੇਂ ਉਹ ਅਜ਼ਾਦ ਹੋਵੇ ਜਾਂ ਗੁਲਾਮ, ਨੇ ਪਾਪ ਕੀਤਾ ਹੈ ਅਤੇ ਇਸ ਕਰਕੇ ਉਹ ਪਾਪ ਦਾ ਗੁਲਾਮ ਹੈ। ਯਿਸੂ ਨੇ ਇਸ ਨੂੰ ਇਸ ਤਰ੍ਹਾਂ ਨਾਲ ਆਖਿਆ: ''ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਗੁਲਾਮ ਹੈ'' (ਯੂਹੰਨਾ 8:34)। ਯਿਸੂ ਸਾਨੂੰ ਪਾਪ ਦੀ ਗੁਲਾਮੀ ਤੋਂ ਅਜ਼ਾਦ ਕਰਾਉਂਦਾ ਹੈ।

ਇਹ ਖੁਸ਼ੀ ਦੀ ਖ਼ਬਰ ਹੈ! ਅਸੀਂ ਪਾਪ ਦੇ ਦੋਸ਼ ਦੇ ਬਗ਼ੈਰ ਪੈਦਾ ਹੁੰਦੇ ਹਾਂ। ਇਕ ਸਮੇਂ ਅਸੀਂ ਜਾਣ ਬੁੱਝ ਕੇ ਉਹ ਕਰਕੇ ਜਿਸ ਦੀ ਖ਼ੁਦਾ ਨੇ ਮਨਾਹੀ ਕੀਤੀ ਹੈ ਜਾਂ ਉਸ ਦੇ ਹੁਕਮ ਨੂੰ ਮੰਨਣ ਵਿਚ ਨਾਕਾਮ

ਹੋ ਕੇ ਪਾਪ ਕਰਨ ਲੱਗਦੇ ਹਾਂ। ਜਿਵੇਂ ਯਿਸੂ ਨੇ ਆਖਿਆ, ਉਦੋਂ ਅਸੀਂ ''ਪਾਪ ਦੇ ਗੁਲਾਮ'' ਹੋ ਜਾਂਦੇ ਹਾਂ। ਦੂਜੇ ਸ਼ਬਦਾਂ ਵਿਚ ਅਸੀਂ ਸ਼ੈਤਾਨ ਦੇ ਗੁਲਾਮ ਬਣ ਜਾਂਦੇ ਹਾਂ। ਸਾਨੂੰ ਲਗ ਸਕਦਾ ਹੈ ਕਿ ਅਸੀਂ ਅਜ਼ਾਦ ਹਾਂ; ਸਾਨੂੰ ਲਗ ਸਕਦਾ ਹੈ ਕਿ ਅਸੀਂ ਨੈਤਿਕ ਨਿਯਮਾਂ ਦੀ ਸੌੜੀ ਕੈਦ ਵਿੱਚੋਂ ਅਤੇ ਧਾਰਮਿਕ ਜ਼ਿੰਮੇਵਾਰੀਆਂ ਦੇ ਅਕਾ ਦੇਣ ਵਾਲੇ ਹੁਕਮਾਂ ਤੋਂ ਅਜ਼ਾਦ ਹੋ ਗਏ ਹਾਂ, ਪਰ ਅਸੀਂ ਸਚਮੁਚ ਆਪਣੀਆਂ ਵਾਸਨਾਵਾਂ ਦੇ ਗੁਲਾਮ ਹਾਂ, ਜਿਸ ਕਰਕੇ ਪਾਪ ਦੇ ਗੁਲਾਮ ਅਤੇ ਸ਼ੈਤਾਨ ਦੇ ਗੁਲਾਮ ਹੋ ਗਏ ਹਾਂ।

ਹਰ ਕੋਈ ਜਿਹੜਾ ਨਹੀਂ ਮੰਨਦਾ ਕਿ ਪਾਪ ਗੁਲਾਮ ਬਣਾ ਲੈਂਦਾ ਹੈ ਉਹਨੂੰ ਚਾਹੀਦਾ ਹੈ ਕਿ ਕਿਸੇ ਨਸ਼ੇੜੀ ਨੂੰ ਪੁੱਛੇ ਕਿ ਸ਼ਰਾਬ ਛੱਡਣ ਜਾਂ ਨਸ਼ੇ ਛੱਡਣ ਦੀ ਕੋਸ਼ਿਸ਼ ਕਰਨਾ ਕਿਹੋ ਜਿਹਾ ਹੈ। ਅਜਿਹੀਆਂ ਇੱਲਤਾਂ ਤੋਂ ਖਹਿੜਾ ਛੁਡਾਉਣਾ ਬੜਾ ਮੁਸ਼ਕਿਲ ਹੁੰਦਾ ਹੈ। ਨਸ਼ੇ ਉਨ੍ਹਾਂ ਜ਼ੰਜੀਰਾਂ ਵਰਗੇ ਹਨ ਜਿਹੜੇ ਨਸ਼ੇੜੀ ਨੂੰ ਆਪਣੀ ਕੈਦ ਵਿਚ ਪਾ ਲੈਂਦੇ ਹਨ ਅਤੇ ਉਹਦੇ ਲਈ ਉਨ੍ਹਾਂ ਜੰਜ਼ੀਰਾਂ ਤੋਂ ਆਪਣੇ ਆਪ ਨੂੰ ਅਜ਼ਾਦ ਕਰਾਉਣਾ ਔਖਾ ਲਗਦਾ ਹੈ। ਪਾਪ ਵੀ ਅਜਿਹਾ ਹੀ ਹੈ। ਇਹ ਸਾਨੂੰ ਗੁਲਾਮ ਬਣਾ ਲੈਂਦਾ ਹੈ। ਇਕ ਵਾਰ ਪਾਪ ਕਰ ਲੈਣ ਤੇ ਅਸੀਂ ਇਸ ਨੂੰ ਬਾਰ-ਬਾਰ ਕਰਨ ਲੱਗਦੇ ਹਾਂ। ਜਦ ਅਸੀਂ ਪਾਪ ਦੋਬਾਰਾ ਕਰਦੇ ਹਾਂ, ਫੇਰ ਕਰਦੇ ਹਾਂ, ਤਾਂ ਪਾਪ ਛੇਤੀ ਹੀ ਸਾਡੀ ਆਦਤ ਬਣ ਜਾਂਦਾ ਹੈ। ਅਖ਼ੀਰ ਵਿਚ ਇਹ ਇਕ ਨਸ਼ਾ ਬਣ ਜਾਂਦਾ ਹੈ। ਕੋਈ ਗਾਲ਼ਾਂ ਕੱਢਣ, ਵਿਭਚਾਰ ਕਰਨ, ਪੇਟੂ ਹੋਣ, ਘਮੰਡੀ ਹੋਣ, ਪਿਆਰ ਨਾਲ ਵਰਤਣ ਦੀ ਬਜਾਇ ਨਫ਼ਰਤ ਕਰਨ ਦਾ ਆਦੀ ਹੋ ਸਕਦਾ ਹੈ। ਜਦ ਕੋਈ ਅਜਿਹੀ ਕਿਸੇ ਆਦਤ ਦਾ ਸ਼ਿਕਾਰ ਹੋ ਜਾਵੇ ਤਾਂ ਉਹ ਪਾਪ ਦਾ ਗੁਲਾਮ ਹੈ।

ਜਦ ਅਸੀਂ ਪਾਪ ਕਰਦੇ ਹਾਂ ਤਾ ਅਸੀਂ ਪਾਪ ਦੇ ਗੁਲਾਮ ਹੁੰਦੇ ਹਾਂ, ਭਾਵੇਂ ਸਾਨੂੰ ਇਸ ਦਾ ਗਿਆਨ ਹੋਵੇ ਜਾਂ ਨਾ। ਪਾਪ ਸਾਡਾ ਮਾਲਿਕ ਹੈ ਪਰ ਇਹ ਆਪਣੇ ਸੇਵਕਾਂ ਦੇ ਪ੍ਰਤੀ ਉਦਾਰ ਹੈ। ਇਹ ਪਾਪੀ ਦੀ ਮਜ਼ਦੂਰੀ ਕਦੇ ਨਹੀਂ ਰੱਖਦਾ। ਪਾਪ ਦੀ ਮਜ਼ਦੂਰੀ ਕੀ ਹੈ? ਪੌਲੁਸ ਸਾਨੂੰ ਦੱਸਦਾ ਹੈ: ''ਪਾਪ ਦੀ ਮਜ਼ਦੂਰੀ ਮੌਤ ਹੈ'' (ਰੋਮੀਆਂ 6:23; ਵੇਖੋ 6:21)। ਪਾਪ ਪਾਪੀਆਂ ਨੂੰ ਖ਼ੁਦਾ ਤੋਂ ਅਤੇ ਹਮੇਸ਼ਾ ਲਈ ਸੁਰਗ ਦੀਆਂ ਬਰਕਤਾਂ ਤੋਂ ਅੱਡ ਕਰਕੇ ਆਪਣੇ ਗੁਲਾਮਾਂ ਨੂੰ ਹਮੇਸ਼ਾ ਦੀ ਰੂਹਾਨੀ ਮੌਤ ਦਿੰਦਾ ਹੈ!

ਇਹੀ ਕਾਰਣ ਹੈ ਕਿ ਯਿਸੂ ਦਾ ਆਉਣਾ ਐਨੀ ਵੱਡੀ ਖੁਸ਼ੀ ਦੀ ਖ਼ਬਰ ਹੈ। ਇਹ ਨਿਰਾ ਇਸ ਕਰਕੇ ਨਹੀਂ ਕਿ ਉਹਨੇ ਧਰਤੀ ਉੱਤੇ ਬੇਹਤਰ ਨਿਯਮ ਦਿੱਤਾ ਹੈ। ਇਹ ਨਿਰਾ ਇਸ ਕਰਕੇ ਨਹੀਂ ਕਿ ਉਹਨੇ ਇਹ ਵਿਖਾਇਆ ਕਿ ਸਾਡੇ ਸਾਥੀ ਮਨੁੱਖ ਲਈ ਪ੍ਰੇਮ ਦਾ ਕੀ ਮਤਲਬ ਹੈ। ਇਹ ਨਿਰਾ ਇਸ ਕਰਕੇ ਨਹੀਂ ਉਹ ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ ਲਈ ਆਪਣੀ ਕੁਰਬਾਨੀ ਦੇਣ ਦੀ ਬੇਹਤਰੀਨ ਮਿਸਾਲ ਦੇ ਕੇ ਇਕ ਸ਼ਹੀਦ ਵਜੋਂ ਮਰਿਆ। ਇਹ ਨਿਰਾ ਇਸ ਕਰਕੇ ਨਹੀਂ ਕਿ ਉਹਨੇ ਬੜੇ ਸ਼ਾਨਦਾਰ ਸਬਕ ਦਿੱਤੇ ਜਾਂ ਗ਼ਰੀਬਾਂ ਲਈ ਤਰਸ ਅਤੇ ਪਾਪੀਆਂ ਨੂੰ ਪਿਆਰ ਕਰਨ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ। ਯਿਸੂ ਦੇ ਆਉਣ ਦੀ ਖੁਸ਼ੀ ਦਾ ਵੱਡਾ ਕਾਰਣ ਇਹ ਹੈ ਕਿ ਉਹਨੇ ਪਾਪ ਦੀ ਗੁਲਾਮੀ ਤੋਂ ਛੁਟਕਾਰੇ ਦਾ ਐਲਾਨ ਕੀਤਾ। ਉਸ ਦੇ ਅਤੇ ਉਸ ਦੀ ਮੌਤ ਦੇ ਕਾਰਣ ਕਿਸੇ ਨੂੰ ਹਮੇਸ਼ਾ ਦੀ ਉਸ ਸਜ਼ਾ ਨੂੰ ਭੋਗਣ ਦੀ ਲੋੜ ਨਹੀਂ ਹੈ। ਜਿਸ ਦਾ ਉਹਦਾ ਪਾਪ ਹੱਕਦਾਰ ਹੈ।

*ਛੁਟਕਾਰੇ ਦਾ ਹੋਕਾ ਦਿਓ: ਹੁਕਮ ਮੰਨਣ ਦੇ ਰਾਹੀਂ।* ਜਦ ਕੋਈ ਇਹ ਸਮਝ ਲੈਂਦਾ ਹੈ (1) ਕਿ ਉਹ ਪਾਪ ਦਾ ਗੁਲਾਮ ਹੈ, ਪਾਪ ਵਿਚ ਮਰਿਆ ਹੋਇਆ ਹੈ ਅਤੇ ਹਮੇਸ਼ਾ ਦੀ ਮੌਤ ਦਾ ਹੱਕਦਾਰ ਹੈ, ਅਤੇ (2) ਕਿ ਯਿਸੂ ਉਹਨੂੰ ਪਾਪ ਦੀ ਗੁਲਾਮੀ ਤੋਂ ਛੁਡਾਉਣ ਲਈ ਆਇਆ, ਤਾਂ ਉਹਨੂੰ ਪੁਕਾਰ ਉੱਠਣਾ ਚਾਹੀਦਾ ਹੈ, ਉਨ੍ਹਾਂ ਲੋਕਾਂ ਵਾਂਗ ਜਿਹੜੇ ਪੈਂਟੀਕਾਸਟ ਵਾਲੇ ਦਿਨ ਪੁਕਾਰ ਉੱਠੇ ਸਨ, ''ਮੈਂ ਕੀ ਕਰਾਂ?'' ਪਤਰਸ ਦਾ ਜਵਾਬ ਰਸੂਲਾਂ ਦੇ ਕਰਤੱਬ 2:38 ਵਿਚ ਦਰਜ ਹੈ: ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।''

ਪੌਲੁਸ ਨੇ ਰੋਮ ਵਿਚ ਆਪਣੇ ਪਾਠਕਾਂ ਨੂੰ ਯਾਦ ਦੁਆਇਆ ਕਿ ਉਨ੍ਹਾਂ ਨੂੰ ਪਾਪ ਤੋਂ ਅਜ਼ਾਦ

ਕੀਤਾ ਗਿਆ ਸੀ ਅਤੇ ਉਹ ਹੁਣ ਇਸ ਵਿਚ ਨਾ ਚੱਲਣ। ਅੱਜ ਦੇ ਮਸੀਹੀ ਲੋਕਾਂ ਨੂੰ ਇਸ ਸਬਕ ਨੂੰ ਆਪਣੇ ਅੰਦਰ ਸਮਾ ਲੈਂਦਾ ਚਾਹੀਦਾ ਹੈ। ਮਸੀਹੀ ਬਣ ਜਾਣ ਤੇ ਆਦਮੀ ਦੀ ਜ਼ਿੰਦਗੀ ਵਿਚ ਇਕ ਵੱਡਾ ਬਦਲਾਅ ਆਉਂਦਾ ਹੈ। ਇਹ ਬਦਲਾਅ ਮੁਰਦਾ ਹੋਣ ਤੋਂ ਜ਼ਿੰਦਾ ਹੋਣਾ ਹੈ। ਪਾਪ ਦੇ ਦਾਸ ਹੋਣ ਤੋਂ ਧਰਮ ਦੇ ਦਾਸ ਹੋਣਾ ਹੈ।

ਇਹ ਬਦਲਾਅ ਕਿਵੇਂ ਆਉਂਦਾ ਹੈ? ਪੌਲੁਸ ਨੇ ਰੋਮੀਆਂ 6:16–18 ਵਿਚ ਇਸ ਸਵਾਲ ਦਾ ਜਵਾਬ ਇਲਹਾਮ ਨਾਲ ਦਿੱਤਾ:

> ਭਲਾ, ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ ਤੁਸੀਂ ਓਸੇ ਦੇ ਦਾਸ ਹੋ ਜਿਹ ਦੇ ਆਗਿਆ ਮੰਨਦੇ ਹੋ ਭਾਵੇਂ ਮੌਤ ਲਈ ਪਾਪ ਦੇ, ਭਾਵੇਂ ਧਰਮ ਲਈ ਆਗਿਆਕਾਰੀ ਦੇ। ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੰਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ।

ਇਨ੍ਹਾਂ ਰੋਮੀਆਂ ਦੇ ਪਾਪ ਦੇ ਗੁਲਾਮਾਂ ਤੋਂ ਧਰਮ ਦੇ ਗੁਲਾਮਾਂ ਵਿਚ ਬਦਲਣ ਦਾ ਇਹ ਵੱਡਾ ਬਦਲਾਅ ਕਦੋਂ ਅਤੇ ਕਿਵੇਂ ਹੋਇਆ? ਜਦੋਂ ਉਹ ''ਮਨੋਂ ਉਹਦੇ ਆਗਿਆਕਾਰ ਹੋ ਗਏ'' ਜਿਸ ''ਸਿੱਖਿਆ ਜਾਂ ਡਾਕਟ੍ਰਿਨ ਦੇ ਸਾਂਚੇ'' ਨੂੰ ਉਨ੍ਹਾਂ ਨੇ ਮੰਨਿਆ ਸੀ। ਜਦੋਂ ਉਨ੍ਹਾਂ ਨੇ ਇਸ ਖੁਸ਼ਖ਼ਬਰੀ ਨੂੰ ਮੰਨਿਆ ਤਾਂ ਖ਼ੁਦਾ ਨੇ ਸੁਰਗ ਤੋਂ ਹੇਠਾਂ ਵੇਖਦਿਆਂ, ਉਨ੍ਹਾਂ ਦੇ ਛੁਟਕਾਰੇ ਦਾ ਐਲਾਨ ਕਰ ਦਿੱਤਾ: ''ਇਹ ਸ਼ਖ਼ਸ, ਜਿਹੜਾ ਪਾਪ ਦਾ ਗੁਲਾਮ ਸੀ, ਹੁਣ ਪਾਪ ਤੋਂ ਅਜ਼ਾਦ ਹੈ। ਹੁਣ ਇਹ ਮੇਰਾ ਬੱਚਾ ਹੈ!''

*ਛੁਟਕਾਰੇ ਦਾ ਹੋਕਾ ਦਿਓ: ਜਦ ਕੋਈ ਬਪਤਿਸਮਾ ਲੈਂਦਾ ਹੈ।* ਭਲਾ ਕੋਈ ਖ਼ਾਸ ਮੋੜ ਹੁੰਦਾ ਹੈ ਜਦੋਂ ਕੋਈ ਖ਼ੁਦਾ ਕਿਸੇ ਨੂੰ ਪਾਪ ਤੋਂ ਬਚਾਉਣ ਲਈ ਮਸੀਹ ਦੇ ਲਹੂ ਦੇ ਰਾਹੀਂ ਆਪਣੀ ਕਿਰਪਾ ਵਿਖਾਉਂਦਾ ਹੈ? ਹਾਂ ਇਹ ਰਸੂਲਾਂ ਵੱਲੋਂ ਦਿੱਤੇ ਗਏ ''ਸਿੱਖਿਆ ਦੇ ਸਾਂਚੇ'' ਨੂੰ ਮੰਨਣ ਤੇ ਹੁੰਦਾ ਹੈ। ਪਰ ਇਸ ਦਾ ਕੀ ਮਤਲਬ ਹੈ?

ਰੋਮੀਆਂ 6 ਦੇ ਅਰੰਭ ਵਿਚ ਪੌਲੁਸ ਨੇ ਕਿਹਾ ਕਿ ਬਪਤਿਸਮੇ ਵੇਲੇ ਹੀ ਵਿਅਕਤੀ ਨੂੰ ਪਾਪ ਤੋਂ ਧੋ ਕੇ ਦੋਬਾਰਾ ਤੋਂ ਜ਼ਿੰਦਾ ਕੀਤਾ ਜਾਂਦਾ ਹੈ। ਉਹਨੇ ਕਿਹਾ ਕਿ ਅਸੀਂ ''ਮਸੀਹ ਯਿਸੂ ਦਾ *[ਵਿਚ]* ਬਪਤਿਸਮਾ'' ਲੈ ਕੇ ''ਉਹਦੀ ਮੌਤ ਦਾ *[ਵਿਚ]* ਬਪਤਿਸਮਾ'' ਲੈਂਦੇ ਹਾਂ (ਰੋਮੀਆਂ 6:3); ਭਾਵ ਇਹ ਕਿ ਬਪਤਿਸਮੇ ਵਿਚ ਅਸੀਂ ''ਮਸੀਹ ਦੇ ਨਾਲ ਦਫ਼ਨਾਏ'' ਜਾ ਕੇ ''ਨਵੇਂ ਜੀਵਨ ਦੇ ਰਾਹ'' ਚੱਲਣ ਲਈ ਜੀ ਉੱਠਦੇ ਹਾਂ (ਰੋਮੀਆਂ 6:4); ਤਾਂ ਜੋ ਬਪਤਿਸਮੇ ਵੇਲੇ ''ਪਾਪ ਦਾ ਸਰੀਰ ਨਸ਼ਟ ਹੋ ਜਾਵੇ'' ਅਤੇ ਅਸੀਂ ''ਅਗਾਹਾਂ ਨੂੰ ਪਾਪ ਦੀ ਗੁਲਾਮੀ'' ਨਾ ਕਰੀਏ (ਰੋਮੀਆਂ 6:6; ਵੇਖੋ 6:7)। ਇਸ ਕਰਕੇ ਜਦ ਕੋਈ ਯਿਸੂ ਮਸੀਹ ਵਿਚ ਵਿਸ਼ਵਾਸ ਕਰਦਾ, ਆਪਣੇ ਪਾਪ ਤੋਂ ਤੋਬਾ ਕਰਦਾ ਹੈ, ਮਨੁੱਖਾਂ ਅੱਗੇ ਆਪਣੇ ਵਿਸ਼ਵਾਸ ਦਾ ਇਕਰਾਰ ਕਰਦਾ ਅਤੇ ਮਸੀਹ ਵਿਚ ਬਪਤਿਸਮਾ ਲੈਂਦਾ ਹੈ ਤਾਂ ਇਹ ਬਦਲਾਅ ਹੁੰਦਾ ਹੈ। ਉਸ ਵਕਤ ਉਹ ਪਰਮੇਸ਼ੁਰ ਦੀ ਕਿਰਪਾ ਦੇ ਨਾਲ ਮਸੀਹ ਦੇ ਲਹੂ ਦੀ ਸ਼ਕਤੀ ਦੇ ਰਾਹੀਂ ਪਾਪ ਦੀ ਗੁਲਾਮੀ ਤੋਂ ਮਸੀਹ ਵਿਚ ਅਜ਼ਾਦੀ ਲਈ ਆ ਜਾਂਦਾ ਹੈ।

ਜਦ ਕੋਈ ਬਪਤਿਸਮੇ ਦੇ ਪਾਣੀ ਵਿੱਚੋਂ ਬਾਹਰ ਆਉਂਦਾ ਹੈ ਤਾਂ ਇਹ ਕਹਿਣ ਬਣਦਾ ਹੈ, ''ਛੁਟਕਾਰੇ ਦਾ ਹੋਕਾ ਦਿਓ! ਹੁਣ ਇਹ ਵਿਅਕਤੀ ਪਾਪ ਜਾਂ ਸ਼ੈਤਾਨ ਦਾ ਗੁਲਾਮ ਨਹੀ ਰਿਹਾ! ਉਹ ਪਾਪ ਤੋਂ ਅਜ਼ਾਦ ਹੈ; ਉਹ ਪਰਮੇਸ਼ੁਰ ਦੀ ਸੰਤਾਨ ਹੈ ਅਤੇ ਧਰਮ ਦਾ ਦਾਸ ਹੈ!''

*ਛੁਟਕਾਰੇ ਦਾ ਹੋਕਾ ਦਿਓ: ਹੁਣੇ!* ਮਸੀਹ ਕੋਲ ਦੂਜਿਆਂ ਨੂੰ ਦੇਣ ਲਈ ਖੁਸ਼ਖ਼ਬਰੀ ਹੈ ਕਿ ਛੁਟਕਾਰਾ ਜਾਂ ਅਜ਼ਾਦੀ ਸੰਭਵ ਹੈ ਕਿਉਂ ਜੋ ਮਸੀਹ ਆਇਆ ਹੈ। ਉਹ ਹਰ ਕਿਸੇ ਨੂੰ ਪਾਪ ਤੋਂ ਮੁਕਤੀ ਜਾਂ ਅਜ਼ਾਦੀ ਦੀ ਪੇਸ਼ਕਸ਼ ਕਰਦਾ ਹੈ!

ਸਾਡੀ ਖੁਸ਼ੀ ਦੀ ਖ਼ਬਰ ਅਨੰਦ ਦੇ ਵਰ੍ਹੇ ਦੇ ਸ਼ੁਰੂ ਵਿਚ ਹੋਣ ਵਾਲੇ ਛੁਟਕਾਰੇ ਦੇ ਹੋਕੇ ਨਾਲੋਂ ਕਿਤੇ ਬੇਹਤਰ ਹੈ। ਉਹ ਲੋਕ ਆਪਣੀ ਅਜ਼ਾਦੀ ਪਾਉਣ ਲਈ ਪੰਜਾਹਵੇਂ ਸਾਲ ਤਕ ਉਡੀਕ ਕਰਦੇ ਸਨ। ਸਾਡੀ ਅਜ਼ਾਦੀ ਹੁਣ ਅਤੇ ਹਮੇਸ਼ਾ ਉਪਲਬਧ ਹੈ। ਕਿਸੇ ਨੂੰ ਵੀ ਪਾਪ ਤੋਂ ਅਜ਼ਾਦ ਹੋਣ ਲਈ ਅਨੰਦ ਦੇ ਵਰ੍ਹੇ ਦੀ ਉਡੀਕ ਕਰਨ ਦੀ ਲੋੜ ਨਹੀਂ। ਜਿਹੜਾ ਵੀ ਕੋਈ ਇੰਜੀਲ ਦੇ ਸੱਦੇ ਨੂੰ ਮੰਨਣ ਲਈ ਤਿਆਰ ਹੈ ਉਹ ਹੁਣੇ ਅਜ਼ਾਦ ਹੋ ਸਕਦਾ ਹੈ।

**ਗੁਲਾਮੀ ਦਾ ਕੀ ਹੋਇਆ?** (25:39-46)

ਅੱਜ ਬਹੁਤ ਸਾਰੇ ਪਾਠਕ ਹੈਰਾਨ ਹੁੰਦੇ ਹਨ ਕਿ ਖ਼ੁਦਾ ਆਪਣੇ ਲੋਕਾਂ ਵਿਚਕਾਰ ਗੁਲਾਮੀ ਨੂੰ ਕਿਵੇਂ ਬਰਦਾਸ਼ਤ ਕਰ ਸਕਿਆ। ਗੁਲਾਮੀ ਦੀ ਧਾਰਣਾ ਨਾਲ ਸਾਨੂੰ ਠੋਕਰ ਲਗਦੀ ਹੈ ਇਸ ਕਰਕੇ ਅਸੀਂ ਹੈਰਾਨ ਹੁੰਦੇ ਹਾਂ ਕਿ ਖ਼ੁਦਾ ਨੇ ਇਸਰਾਏਲੀਆਂ ਨੂੰ ਇਸ ਦੀ ਇਜਾਜ਼ਤ ਕਿਵੇਂ ਦਿੱਤੀ। ਮੂਸਾ ਦੀ ਸ਼ਰ੍ਹਾ ਵਿਚ ਅਜਿਹੇ ਨਿਯਮ ਹੈ ਸਨ ਜਿਹੜੇ ਗੁਲਾਮੀ ਦੇ ਪ੍ਰਭਾਵਾਂ ਨੂੰ ਘਟਾਉਂਦੇ ਤਾਂ ਸਨ, ਪਰ ਇਸ ਨੂੰ ਰੋਕਣ ਦਾ ਕੋਈ ਨਿਯਮ ਨਹੀਂ ਸੀ। ਇਸ ਤੱਥ ਦਾ ਕੀ ਨਿਚੋੜ ਕੱਢਿਆ ਜਾਣਾ ਚਾਹੀਦਾ ਹੈ? ਗੁਲਾਮੀ ਨਾਲ ਸਬੰਧਿਤ ਪਰਮੇਸ਼ੁਰ ਦੇ ਨਿਯਮਾਂ ਨੂੰ ਸਮਝਣ ਲਈ ਰੌਏ ਗੇਨ ਨੇ ਤਿੰਨ ਮੁੱਖ ਗੱਲਾਂ ਦਿੱਤੀਆਂ ਹਨ।

ਪਹਿਲੀ ਗੁਲਾਮੀ ਦੀ ਪ੍ਰਥਾ ਖ਼ੁਦਾ ਨੇ ਨਹੀਂ ਬਣਾਈ। ਬਹੁਵਿਆਹ ਅਤੇ ਤਲਾਕ ਵਾਂਗ ਗੁਲਾਮੀ ਦੀ ਸ਼ੁਰੂਆਤ ਪਾਪ ਵਿਚ ਡਿੱਗੇ ਮਨੁੱਖ ਨੇ ਕੀਤੀ। ਸ਼ਰ੍ਹਾ ਵਿਚ ਖ਼ੁਦਾ ਨੇ ਉਨ੍ਹਾਂ ਦੇ ਦੁਸ਼ਪ੍ਰਭਾਵਾਂ ਨੂੰ ਘਟਾਉਣ ਲਈ ਅਜਿਹੀਆਂ ਰੀਤਾਂ ਦੇ ਨਿਯਮ ਦਿੱਤੇ (ਕੂਚ 21:7–11; ਲੇਵੀਆਂ 18:18; ਬਿਵਸਥਾ ਸਾਰ 21:15–17; 24:1–4)। ਯਿਰਮਿਯਾਹ ਨਬੀ ਦੇ ਰਾਹੀਂ ਯਹੋਵਾਹ ਨੇ ਯਰੂਸ਼ਲਮ ਦੇ ਯਹੂਦੀਆਂ ਨੂੰ ਕਾਨੂੰਨੀ ਤੌਰ ਤੇ ਗੁਲਾਮਾਂ ਨੂੰ ਛੱਡ ਦੇਣ ਤੋਂ ਬਾਅਦ ਫੇਰ ਤੋਂ ਉਨ੍ਹਾਂ ਉੱਤੇ ਦਾਅਵਾ ਕਰਦੇ ਸਨ, ਨੂੰ ਝਿੜਕਿਆ (ਯਿਰਮਿਯਾਹ 34:12–22)।

ਦੂਜਾ, ਖ਼ੁਦਾ ਨੇ ਬਾਰ–ਬਾਰ ਆਪਣੀ ਸਚਿਆਈ ਪਰਗਟ ਕੀਤੀ। ਉਦਾਹਰਣ ਲਈ ਉਹਨੇ ਦੋ ਭੈਣਾਂ ਨਾਲ ਯਾਕੂਬ ਦੇ ਵਿਆਹਾਂ ਨੂੰ ਬਰਦਾਸ਼ਤ ਕਰ ਲਿਆ (ਉਤਪਤ 29) ਪਰ ਬਾਅਦ ਵਿਚ ਅਜਿਹੀ ਰੀਤ ਦੀ ਮਨਾਹੀ ਕੀਤੀ (ਲੇਵੀਆਂ 18:18)। ਗੁਲਾਮਾਂ ਨਾਲ ਮਨੁੱਖੀ ਵਿਹਾਰ ਨਾਲ ਸਬੰਧਿਤ ਨਿਯਮ ਵਿਚ ਸੁਧਾਰ ਵੀ ਸ਼ਰ੍ਹਾ ਵਿਚ ਸਪੱਸ਼ਟ ਮਿਲਦਾ ਹੈ। ਕੂਚ 21 ਵਿਚ ਨਿਯਮਾਂ ਤੋਂ ਇਲਾਵਾ ਬਿਵਸਥਾ ਸਾਰ ਦਾਸੀਆਂ ਦੀ ਰਿਹਾਈ ਬਾਰੇ ਦੱਸਦੀ ਹੈ (ਬਿਵਸਥਾ ਸਾਰ 15:12) ਅਤੇ ਇਸ ਵਿਚ ਕਿਸੇ ਗੁਲਾਮ ਨੂੰ ਅਜ਼ਾਦ ਕਰਨ ਲਈ ਮਾਲਿਕ ਦੇ ਰਹਿਮ ਭਰੇ ਹੁਕਮ ਨੂੰ ਵੀ ਸ਼ਾਮਲ ਕੀਤਾ ਗਿਆ ਹੈ: ''ਆਪਣੇ ਇੱਜੜ, ਆਪਣੇ ਖਲਵਾੜੇ ਅਤੇ ਆਪਣੇ ਦਾਖ਼ਰਸ ਦੇ ਕੋਹਲੂ ਵਿੱਚੋਂ ਦਿਲ ਖੋਲ੍ਹ ਕੇ ਉਸ ਨੂੰ ਦਿਓ। ਜਿਵੇਂ ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਤੁਹਾਨੂੰ ਬਰਕਤ ਦਿੱਤੀ ਹੈ ਤਿਵੇਂ ਤੁਸੀਂ ਉਹਨੂੰ ਦਿਓ'' (ਬਿਵਸਥਾ ਸਾਰ 15:14)।

ਤੀਜੀ, ਇਸਰਾਏਲੀਆਂ ਦੇ ਕਬਾਇਲੀ ਸਮਾਜ ਹੋਣ ਕਰਕੇ ਜਿਹੜਾ ਖੇਤੀ ਬਾੜੀ ਉੱਤੇ ਨਿਰਭਰ ਸੀ, ਖ਼ੁਦਾ ਨੇ ਲੋਕਾਂ ਨੂੰ ਜ਼ਿੰਦਾ ਰੱਖਣ ਲਈ ਉਧਾਰ ਕੰਮ ਕਰਨ ਦੀ ਇਜਾਜ਼ਤ ਦਿੱਤੀ। ਜੇ ਉਨ੍ਹਾਂ ਨੂੰ ਪਰੇਸ਼ਾਨੀ ਦੇ ਵੇਲੇ ਰਿਸ਼ਤੇਦਾਰਾਂ ਤੋਂ ਮਦਦ ਨਾ ਮਿਲਦੀ, ਤਾਂ ਉਧਾਰ ਦਾ ਗੁਲਾਮ ਭੁੱਖ ਨਾਲ ਮਰਨ ਤੋਂ ਰੋਕਣ ਲਈ ਇਕ ਸਾਧਨ ਸੀ। ਇਹ ਦੋ ਬੁਰਿਆਈਆਂ ਵਿੱਚੋਂ ਘੱਟ ਬੁਰਿਆਈ ਸੀ।[16]

ਪਹਿਲੀ ਸਦੀ ਦੌਰਾਨ ਗੁਲਾਮੀ ਅਜੇ ਵੀ ਇਕ ਹਕੀਕਤ ਸੀ। ਨਵੇਂ ਨੇਮ ਵਿਚ ਭਾਵੇਂ ਇਸ ਪ੍ਰਥਾ ਦੀ ਮਨਾਹੀ ਨਹੀਂ ਕੀਤੀ ਗਈ ਪਰ ਇਸ ਨੂੰ ਕੰਟਰੋਲ ਜ਼ਰੂਰ ਕੀਤਾ ਗਿਆ। ਮਾਲਕਾਂ ਨੂੰ ਆਪਣੇ ਗੁਲਾਮਾਂ ਨਾਲ ''ਠੀਕ ਅਤੇ ਜਥਾਰਥ'' (ਕੁਲੁੱਸੀਆਂ 4:1) ਵਿਹਾਰ ਕਰਨ ਅਤੇ ''ਧਮਕੀਆਂ ਛੱਡ'' ਦੇਣ ਲਈ ਆਖਿਆ ਜਾਂਦਾ ਸੀ (ਅਫ਼ਸੀਆਂ 6:9)। ਖ਼ਾਸ ਤੌਰ ਤੇ ਫਿਲੇਮੋਨ ਨੂੰ ਇਕ ਨਵੇਂ ਮਸੀਹੀ ਉਨੇਸਿਮੁਸ ਨਾਲ ''ਅੱਗੇ ਨੂੰ ਦਾਸ ਵਾਂਗੂੰ ਨਹੀਂ ਸਗੋਂ ਦਾਸ ਨਾਲੋਂ ਚੰਗਾ, ਅਰਥਾਤ ਪਿਆਰੇ ਭਰਾ

ਵਾਂਗੂੰ'' (ਫਿਲੇਮੋਨ 16) ਵਿਹਾਰ ਕਰਨ ਦੀ ਤਕੀਦ ਕੀਤੀ ਗਈ। ਇਸ ਨਜ਼ਰੀਏ ਨਾਲ ਅਜੋਕੀਆਂ ਸਦੀਆਂ ਵਿਚ ਗੁਲਾਮੀ ਨੂੰ ਮਿਟਾਉਣ ਵਿਚ ਮਦਦ ਮਿਲੀ ਹੈ।[17]

---

ਟਿੱਪਣੀਆਂ

[1]ਕੋਏ ਡੀ. ਰੋਪਰ, *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 385 ਵਿਚ ਕੂਚ 23:10, 11 ਤੇ ਚਰਚਾ ਵੇਖੋ। [2]''ਆਪੇ ਹੀ ਉੱਗ ਪਏ'' ਲਈ ਇਬਰਾਨੀ ਸ਼ਬਦ (***sapiach***, *ਸਾਪੀਆਕ*) ਦਾ ਮੂਲ ਅਰਥ ਹੈ ''ਡਿੱਗੇ ਬੀਜਾਂ ਵਿੱਚੋਂ ਉੱਗ ਖਲੋਣਾ।'' NKJV ਦਾ ਅਨੁਵਾਦ ਹੈ, ''ਜਿਹੜਾ ਆਪਣੇ ਆਪ ਉੱਗ ਆਵੇ'' ਅਤੇ ESV ''ਵਿਚ ਹੈ ਜੋ ਆਪੇ ਉੱਗੇ।'' [3]ਇਹ ਪੈਰ੍ਹਾ ਕਿਸਾਨ ਦੇ ਢੰਗ ਸਿਰ ਆਪਣੀ ਫ਼ਸਲ ਕੱਟਣ (ਮਜ਼ਦੂਰਾਂ ਨੂੰ ਲਾ ਕੇ, ਕਾਰਗਰ ਢੰਗ ਨਾਲ ਅਤੇ ਸਾਵਧਾਨੀ ਨਾਲ ਤੋਲ ਕੇ ਅਤੇ ''ਪੈਕ ਕਰਕੇ'') ਅਤੇ ਅਟਕਲ ਪੱਚੂ ਅਣਗੌਲੇ ਖੇਤਾਂ ਅਤੇ ਬਗੀਚਿਆਂ ਵਿੱਚੋਂ ਫਲ ਅਤੇ ਦਾਣੇ ਚੁਗਣ ਵਾਲਿਆਂ ਵਿਚਕਾਰ ਫ਼ਰਕ ਕਰਦਾ ਹੈ। ਸ਼ਾਇਦ ਵੱਡਾ ਫ਼ਰਕ ਇਹ ਹੈ ਕਿ ਇਹ ਨਿਯਮ ਕਿਸਾਨ ਨੂੰ ਆਪਣੀ ਫ਼ਸਲ ਕੱਟ ਕੇ ਵੇਚਣ ਦੀ ਮਨਾਹੀ ਕਰਦਾ ਸੀ। [4]*ਹਾਰਪਰ'ਜ਼ ਬਾਈਬਲ ਡਿਕਸ਼ਨਰੀ*, ਸੰਪਾ. ਪੌਲ ਜੇ. ਅਚਟਮੇਰ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1985), 511 ਵਿਚ ਲਾਰੰਸ ਐੱਚ. ਸ਼ਿੱਪਮੈਨ, ''ਜੁਬਲੀ।'' [5]ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 319. [6]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004), 434–45 ਤੋ ਲਿਆ ਗਿਆ *ਦ ਇੰਟਰਪ੍ਰੇਟਰ'ਜ਼ ਵਨ–ਵੌਲਿਊਮ ਕਮੈਂਟਰੀ ਆਨ ਦ ਬਾਈਬਲ,* ਸੰਪਾ. ਚਾਰਲਸ ਐੱਮ. ਲੈਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 83 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।'' [7]''ਬਾਰਾਂ'' ਦੀ ਗਿਣਤੀ ਯੂਸੁਫ਼ ਦੀ ਵੰਡ ਅਫ਼ਰਾਈਮ ਅਤੇ ਮਨੱਸ਼ੇ ਦੇ ਗੋਤਰਾਂ ਲਈ ਗਿਣੀ ਜਾਂਦੀ ਹੈ। ਕੋਏ ਡੀ. ਰੋਪਰ, *ਗਿਣਤੀ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2012), 29 ਵਿਚ ਚਰਚਾ ਵੇਖੋ। [8]ਫੇਰ ''ਹਮਵਤਨ'' (***'ach***, ਮੂਲ ਵਿਚ, ''ਭਰਾ'') ਸ਼ਬਦ ਵਰਤਿਆ ਗਿਆ ਹੈ। ਖ਼ੁਦਾ ਦੇ ਪਰਿਵਾਰ ਵਿਚ ਸਾਰੇ ਇਸਰਾਏਲੀ ''ਭਰਾ'' ਸਨ। [9]''ਸੂਦਖੋਰ'' ਓਸੇ ਮੂਲ ਸ਼ਬਦ ਤੋਂ ਲਿਆ ਗਿਆ ਹੈ ਜਿਸ ਤੋਂ ''ਸੂਦਖੋਰੀ,'' ਜਿਸ ਦਾ ਅਰਥ ਵਾਧੂ ਜਾਂ ਨਜਾਇਜ਼ ਤੌਰ ਤੇ ਬਹੁਤਾ ਵਿਆਜ ਲੈਣਾ ਹੈ। [10]ਇਬਰਾਨੀ ਲਿਖਤ ਦਾ ਇਕ ਹੋਰ ਮੂਲ ਅਨੁਵਾਦ ਇਹ ਹੈ ''ਉਸ ਤੋਂ ਵਿਆਜ ਜਾਂ ਵਾਧਾ ਨਾ ਲੈ'' (ਵੇਖੋ NIV)। ਕਿਸੇ ਇਸਰਾਏਲੀ ਵੱਲੋਂ ਗ਼ਰੀਬ ਦੇਸ਼ਵਾਸੀ ਨੂੰ ਕਰਜ਼ ਦਿੱਤੇ ਜਾਣ ਤੇ ਉਸ ਕੋਲੋਂ ਕਿਸੇ ਕਿਸਮ ਦਾ ਕੋਈ ਵਿਆਜ ਨਹੀਂ ਲਿਆ ਜਾਣਾ ਸੀ। ਆਰ. ਲੇਅਰਡ ਹੈਰਿਸ ਨੇ ਇਹ ਮੰਨਿਆ ਕਿ ਇਸ ਵਿਚ ਕਿਹਾ ਗਿਆ ਹੈ ਕਿ ਗ਼ਰੀਬ ਇਸਰਾਏਲੀ ਦਾ ਸ਼ਾਹੂਕਾਰ ''ਉਸ ਨੂੰ ਫੜ'' ਸਕਦਾ ਸੀ ਅਤੇ ਉਸ ਤੋਂ ਆਪਣੇ ਲਈ ਕੰਮ ਕਰਵਾ ਸਕਦਾ ਸੀ, ਪਰ ਉਹਨੂੰ ਕੋਈ ਵਾਧੂ ਵਿਆਜ ਨਾ ਲਾਵੇ ਜਿਹੜਾ ਉਹਨੇ ਉਹਨੂੰ ਦੇਣਾ ਹੋਵੇ, ਇਸ ਹਵਾਲੇ ਨੂੰ ਫ਼ਰਕ ਨਜ਼ਰ ਨਾਲ ਵੇਖਿਆ। (*ਦ ਐਕਸਪੋਜ਼ਿਟਰਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 639 ਵਿਚ ਆਰ. ਲੇਅਰਡ ਹੈਰਿਸ, ''ਲੇਵਿਟਿਕਸ।'')

[11]ਕੂਚ 21:2 ਅਤੇ ਬਿਵਸਥਾ ਸਾਰ 15:12 ਤੋਂ ਸੰਕੇਤ ਮਿਲਦਾ ਹੈ ਕਿ ਇਬਰਾਨੀ ਗੁਲਾਮ ਨੂੰ ''ਅਨੰਦ ਦੇ ਵਰ੍ਹੇ'' ਤਕ ਉਡੀਕ ਕਰਨ ਦੀ ਬਜਾਇ ਸਤਵੇਂ ਵਰ੍ਹੇ ਅਜ਼ਾਦ ਕੀਤਾ ਜਾਣਾ ਹੁੰਦਾ ਸੀ। ਇਨ੍ਹਾਂ ਪੈਰ੍ਹਿਆਂ ਅਤੇ ਲੇਵੀਆਂ ਦੀ ਪੋਥੀ 25 ਵਿਚਕਾਰ ਫ਼ਰਕ ਸਮਝਾਉਣ ਲਈ ਇਹ ਵਿਆਖਿਆਵਾਂ ਬਣੀਆਂ ਹਨ। ਇਕ ਸੰਭਾਵਨਾ ਇਹ ਹੈ ਕਿ ਰਿਹਾਈ ਦਾ ਸਮਾਂ ਇਸ ਉੱਤੇ ਨਿਰਭਰ ਕਰਦਾ ਸੀ ਕਿ ਮਾਲਕ ਨੂੰ ਗੁਲਾਮ ਕਿਵੇਂ ਮਿਲਿਆ ਸੀ। ਲੇਵੀਆਂ ਦੀ ਪੋਥੀ ਕਿਸੇ ਗ਼ਰੀਬ ਆਦਮੀ ਦੀ ਗੱਲ ਕਰਦੀ ਹੈ ਜਿਸ ਨੇ ਆਪਣੇ ਆਪ ਨੂੰ ਸਾਥੀ ਇਸਰਾਏਲੀ

ਅੱਗੇ ਵੇਚ ਦਿੱਤਾ; ਬਾਕੀ ਦੋ ਹਵਾਲੇ ਸਿਰਫ਼ ਇਬਰਾਨੀ ਗੁਲਾਮ ਨੂੰ ਖ਼ਰੀਦਣ ਵਾਲੇ ਦੀ ਗੱਲ ਕਰਦੇ ਹਨ। ਕਿਸੇ ਇਸਰਾਏਲੀ ਵੱਲੋਂ ਆਪਣੇ ਆਪ ਨੂੰ ਕਿਸੇ ਹੋਰ ਇਸਰਾਏਲੀ ਅੱਗੇ ਵੇਚ ਦੇਣ ਤੋਂ ਬਾਅਦ, ਉਸ ਇਸਰਾਏਲੀ ਨੂੰ ਆਪਣੇ ਹੀ ਦੇਸ਼ ਦੇ ਕਿਸੇ ਹੋਰ ਵਿਅਕਤੀ ਕੋਲ ਵੇਚ ਸਕਦਾ ਸੀ। ਗੁਲਾਮ ਦਾ ਮਾਲਿਕ ਭਾਵੇਂ ਗੁਲਾਮਾਂ ਦੀ ਮੰਡੀ ਵਿਚ ਇਬਰਾਨੀ ਗੁਲਾਮ ਨੂੰ ਨਹੀਂ ਵੇਚ ਸਕਦਾ ਸੀ ਪਰ ਕਿਸੇ ਹੋਰ ਇਸਰਾਏਲੀ ਅੱਗੇ ਉਹਨੂੰ ਵੇਚ ਦੇਣ ਦਾ ਕੋਈ ਕਾਨੂੰਨ ਨਹੀਂ ਸੀ। ਜੇ ਉਹ ਵੇਚ ਦਿੰਦਾ ਤਾਂ ਗੁਲਾਮ ਆਪਣੀ ਅਜ਼ਾਦੀ ਲਈ ਅਨੰਦ ਦੇ ਵਰ੍ਹੇ ਤਕ ਉਡੀਕ ਕਰਨ ਦੀ ਬਜਾਇ ਛੇ ਸਾਲਾਂ ਦੇ ਅਖ਼ੀਰ ਵਿਚ ਅਜ਼ਾਦ ਹੋ ਜਾਂਦਾ। [12]''ਉਹਦੇ ਬਾਲ ਬੱਚੇ'' ਦਾ ਜ਼ਿਕਰ ਅਹਿਮ ਹੋ ਸਕਦਾ ਹੈ। ਜੇ ਕਿਸੇ ਇਸਰਾਏਲੀ ਅਤੇ ਉਸ ਦੀ ਪਤਨੀ ਦੇ ਉਸ ਦੇ ਗੁਲਾਮ ਜਾਂ ਬੰਦੀ ਰਹਿਣ ਦੌਰਾਨ ਬੱਚੇ ਹੋਏ ਹੋਣ, ਤਾਂ ਉਸ ਦਾ ਮਾਲਕ ਇਹ ਆਖ ਕੇ ਉਨ੍ਹਾਂ ਉੱਤੇ ਆਪਣੇ ਹੋਣ ਦਾ ਦਾਅਵਾ ਕਰ ਸਕਦਾ ਹੋਵੇਗਾ, ''ਤੇਰੇ ਇਹ ਬੱਚੇ ਮੇਰੇ ਘਰ ਰਹਿੰਦਿਆਂ ਹੋਏ; ਇਸ ਕਰਕੇ ਇਹ ਮੇਰੇ ਹਨ। ਤੂੰ ਜਾ ਸਕਦਾ ਹੈਂ ਪਰ ਤੇਰੇ ਬੱਚੇ ਮੇਰੇ ਨਾਲ ਰਹਿਣਗੇ; ਉਹ ਮੇਰੀ ਜਾਇਦਾਦ ਹਨ।'' ਇਹ ਹਵਾਲਾ ਅਜਿਹੀ ਸੰਭਾਵਨਾ ਨੂੰ ਨਕਾਰ ਦਿੰਦਾ ਹੈ; ਇਸਰਾਏਲੀ ਗੁਲਾਮ ਦੇ ਬੱਚਿਆਂ ਨੂੰ ਉਸ ਦੇ ਨਾਲ ਹੀ ਗੁਲਾਮੀ ਵਿੱਚੋਂ ਰਿਹਾਅ ਕਰਨਾ ਹੁੰਦਾ ਸੀ। [13]ਇਹ ਸੰਭਾਵਨਾ ਇਸ ਗੱਲ ਦਾ ਸੁਝਾਅ ਦਿੰਦੀ ਹੈ ਕਿ ਗੁਲਾਮ ਵੀ ਕੋਈ ਕਾਰੋਬਾਰ ਕਰ ਸਕਦਾ ਸੀ ਜਿਸ ਨਾਲ ਉਹ ਤਰੱਕੀ ਕਰ ਸਕੇ। ਉਦਾਹਰਣ ਲਈ ਕੋਈ ਕਿਸੇ ਮੋਚੀ ਨੂੰ ਆਪਣਾ ਗੁਲਾਮ ਬਣਾ ਸਕਦਾ ਸੀ। ਆਪਣੇ ਮਾਲਕ ਲਈ ਕੰਮ ਕਰਨ ਤੋਂ ਇਲਾਵਾ ਇਹ ਗੁਲਾਮ ਦੂਜਿਆਂ ਵਾਸਤੇ ਜੁੱਤੀਆਂ ਬਣਾਉਣਾ ਜਾਰੀ ਰੱਖ ਸਕਦਾ ਸੀ। ਉਸ ਦਾ ਮਾਲਕ ਉਹਨੂੰ ਆਪਣੇ ਕਾਰੋਬਾਰ ਦੇ ਲਾਭ ਦਾ ਕੁਝ ਹਿੱਸਾ ਆਪਣੇ ਕੋਲ ਰੱਖਣ ਦੇ ਸਕਦਾ ਸੀ। ਜਿਸ ਨਾਲ ਗੁਲਾਮ ਆਪਣੇ ਲਈ ਦੌਲਤ ਇਕੱਠੀ ਕਰ ਸਕਦਾ ਸੀ। [14]*ਹਾਰਪਰ'ਜ਼ ਬਾਈਬਲ ਡਿਕਸ਼ਨਰੀ*, ਸੰਪਾ. ਪੌਲ ਜੇ. ਅਚਟਮੇਰ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋ, 1985), 889 ਵਿਚ ਲਾਰੰਸ ਐੱਚ. ਸ਼ਿਫ਼ਮੈਨ, ''ਸੱਬਤ ਦੇ ਵਰ੍ਹੇ''। ਹੋਰ ਸਬੂਤ ਲਈ ਸੁਝਾਅ ਮਿਲਦਾ ਹੈ ਕਿ ਸੱਬਤ ਦੇ ਅਤੇ ਅਨੰਦ ਦੇ ਵਰ੍ਹੇ ਮਨਾਏ ਜਾਂਦੇ ਸਨ, ਵੇਖੋ ਯਸਾਯਾਹ 61:1 ਅਤੇ ਹਿਜ਼ਕੀਏਲ 46:17. ਗੁਲਾਮ ਅਤੇ ਸੂਦਖੋਰੀ ਦੇ ਨਿਯਮਾਂ ਦੇ ਸਬੰਧ ਵਿਚ ਵੇਖੋ ਨਹਮਯਾਹ 5:1–13. [15]ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1980), 229. ਹੈਰਿਸਨ ਨੇ ਇਹ ਮੰਨਣ ਦੇ ਕਾਰਣਾਂ ਉੱਤੇ ਚਰਚਾ ਕੀਤੀ ਕਿ ਇਨ੍ਹਾਂ ਖ਼ਾਸ ਸਾਲਾਂ ਨੂੰ ਇਸਰਾਏਲੀਆਂ ਵੱਲੋਂ ਮਨਾਇਆ ਜਾਂਦਾ ਸੀ। (ਉੱਥੇ ਹੀ, 228–29.) [16]ਗੇਨ, 440–41. [17]ਵੇਖੋ ਓਵੇਨ ਡੀ. ਆਲਬ੍ਰਟ ਅਤੇ ਬਰੂਸ ਮੈਕਲਾਰਟੀ, *ਕੋਲੋਸੀਅੰਸ ਐਂਡ ਫਿਲੇਮੋਨ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2005), 532–33.